ਮਾਰਚ 2003

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 3 ◆ ਸਾਲ ਪੰਦਰਵਾਂ ◆ ਮਾਰਚ 2003



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



| | |
|---|---|
| ਮਿਤ੍ਰ ਅਸਾਡੜੇ ਸੇਈ<br>*ਪਾਠਕਾਂ ਦੇ ਪੱਤਰ* | 2 |
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦੀ ਮੌਲਿਕਤਾ<br>*ਡਾ. ਗੁਰਨਾਮ ਸਿੰਘ* | 4 |
| ਅਨਹਦ ਬਾਣੀ ਸਹਜ ਧੁਨਾ<br>*ਸੋਹਣ ਸਿੰਘ* | 8 |
| ਲੋਗਾ ਭਰਮਿ ਨ ਭੂਲਹੁ ਭਾਈ<br>*ਕੁਲਦੀਪ ਸਿੰਘ* | 12 |
| ਸਿੱਖ ਧਰਮ ਵਿਚ ਅਰਦਾਸ ਦੀ ਮਹਾਨਤਾ<br>*ਡਾ. ਗੁਰਚਰਨ ਸਿੰਘ* | 15 |
| ਰਵਿਦਾਸ ਬਾਣੀ ਵਿਚ ਸਦਾਚਾਰ ਦਾ ਸੰਕਲਪ<br>*ਡਾ. ਗੁਰਮੀਤ ਸਿੰਘ ਬੈਦਵਾਣ* | 17 |
| ਗੁਰਮਤਿ ਸੰਗੀਤ ਪਰੰਪਰਾ ਵਿਚ ਗੁਰੂ ਅਰਜਨ ਦੇਵ ਜੀ...<br>*ਸਵਿਤਾ ਉਪਲ* | 19 |
| ਡਾ. ਸ਼ਾਨ ਦੀ ਬੰਗਲਾ ਦੇਸ਼ ਤੋਂ ਵਾਪਸੀ<br>*ਅਸ਼ੋਕ ਕੁਮਾਰ* | 21 |
| ਪੈਂਡੇ ਤੇ ਪਾਂਧੀ<br>*ਮਨਮੋਹਨ ਸਿੰਘ ਦਾਊਂ* | 23 |
| ਇਕ ਮਾਂ | 24 |
| ਸੁਰ ਲਿਪੀਆਂ<br>*ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ* | 26 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ<br>*ਮਨਮੋਹਨ ਸਿੰਘ* | 27 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ ਅੰਮ੍ਰਿਤ ਕੀਰਤਨ ਦਾ ਜਨਵਰੀ ਅੰਕ 2003 ਸੰਤ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਦੀ ਸ਼ਖਸੀਅਤ ਤੇ ਉਹਨਾ ਵਲੋਂ ਖਾਲਸਾ ਪੰਥ ਦੀ ਸੇਵਾ ਵਿਚ ਪਾਇਆ ਯੋਗਦਾਨ ਜੋ ਕਿ ਉਹਨਾਂ ਨੇ ਕੀਰਤਨ ਨੂੰ ਰਾਗਾਂ ਦੇ ਆਧਾਰ ਤੇ ਗਾਇਨ ਕਰਨ ਲਈ ਕੀਤਾ, ਪੜ੍ਹਿਆ। ਮੈਂ ਉਹਨਾ ਦੇ ਇਸ ਵਡਮੁੱਲੇ ਯੋਗਦਾਨ ਤੋਂ ਬਹੁਤ ਪ੍ਰਭਾਵਿਤ ਹੋਈ ਹਾਂ। ਇਹ ਮਹਾਂਪੁਰਖ ਸਹੀ ਅਰਥਾਂ ਵਿਚ ਸਿੱਖ ਪੰਥ ਵਲੋਂ ਪ੍ਰਦਾਨ ਕੀਤੇ ਗਏ "ਨਿਸ਼ਾਨ-ਏ-ਖਾਲਸਾ" ਮਹਾਨ ਸਨਮਾਨ ਚਿੰਨ੍ਹ ਦੇ ਹੱਕਦਾਰ ਹਨ।

*- ਡਾ. ਸੁਰਿੰਦਰ ਕੌਰ*

*308 ਗਰੀਨ ਐਵਨਿਊ, ਅੰਮ੍ਰਿਤਸਰ*

♦ ਫਰਵਰੀ ਅੰਕ ਬੇਹੱਦ ਪਸੰਦ ਆਇਆ। ਪਾਠਕਾਂ ਦੇ ਪੱਤਰ, ਕਰਉ ਬੇਨਤੀਆਂ ਡਾ. ਜਾਗੀਰ ਸਿੰਘ ਜੀ ਦੀ ਤਹਿਰੀਰ, ਗੁਰਮਤਿ ਸਾਹਿਤ ਤੇ ਸੰਗੀਤ ਨੂੰ ਸਮਰਪਿਤ ਭਾਈ ਗੁਰਜੰਤ ਸਿੰਘ ਰਾਹੀ ਜੀ ਬਾਰੇ ਜਾਣਕਾਰੀ, ਚਰਨਜੀਤ ਸਿੰਘ ਅੰਮ੍ਰਿਤਸਰ ਵਾਲੇ ਵਲੋਂ ਮਹੰਤ ਸੁਰਿੰਦਰ ਸਿੰਘ ਜੀ ਮਿਠਾ ਟਿਵਾਣੇ ਵਾਲੇ ਬਾਰੇ ਇੰਟਰਵਿਊ (ਦਾਸ ਵੀ ਸੇਵਾ ਪੰਥੀਆਂ ਦੇ ਗੁਃ ਜਗਤਾ ਜੀ ਮਲੋਟ ਵਿਖੇ ਕੀਰਤਨ ਦੀ ਸੇਵਾ ਕਰਦਾ ਹੈ। ਬਹੁਤ ਹੀ ਚੰਗੀ ਮਰਿਆਦਾ ਹੈ ਸੇਵਾ ਪੰਥੀ ਮਹਾਪੁਰਖਾਂ ਦੀ। ਡੇਰੇ ਦੇ ਮੁਖੀ ਭਾਈ ਧਰਮ ਸਿੰਘ ਜੀ ਅਤੇ ਮੈਨੇਜਰ ਭਾਈ ਪ੍ਰੀਤਮ ਸਿੰਘ ਜੀ ਪ੍ਰੀਤ ਜੋ ਬਹੁਤ ਹੀ ਮਿਲਣਸਾਰ ਵਿਅਕਤੀ ਹਨ। ਭਾਈ ਗੁਰਜੰਤ ਸਿੰਘ ਰਾਹੀ ਸੰਗਰੂਰ ਵਲੋਂ 127ਵੇਂ ਬਾਬਾ ਹਰਿਬਲਭ ਸੰਗੀਤ ਪ੍ਰਤੀਯੋਗਤਾ ਵਿਚ ਸਿੱਖ ਯੁਵਕ ਕਲਾਕਾਰਾਂ ਦਾ ਸਥਾਨ ਲੇਖ ਬਹੁਤ ਹੀ ਕਾਬਿਲੇ ਤਾਰੀਫ ਸਨ। ਡਾ. ਗੁਰਨਾਮ ਸਿੰਘ ਜੀ ਦੀ ਕੈਸਟ 'ਸਾਚ ਕਹੋ ਸੁਣ ਲੇਹੁ ਸਭੈ' ਦੀ ਲੱਖ-2 ਵਧਾਈ ਹੋਵੇ। ਡਾ. ਗੁਰਨਾਮ ਸਿੰਘ ਜੀ ਸੰਗੀਤ ਦੇ ਉਸਤਾਦ ਰਾਗੀ ਹਨ। ਸੇਵਕ ਕਉ ਨਿਕਟੀ ਹੋਇ ਦਿਖਾਵੈ ਭਗਵੰਤ ਦਿਲਾਵਰੀ ਦਾ ਲੇਖ, ਸੰਤ ਬਾਬਾ ਸੁੱਚਾ ਸਿੰਘ ਜੀ ਬਾਰੇ ਕੁਲਦੀਪ ਸਿੰਘ ਮਤਵਾਲਾ ਵਲੋਂ ਕਵਿਤਾ, ਧਰਮ ਦੀ ਪਹਿਚਾਨ ਸ੍ਰੀ ਬਹਾਦਰ ਸਿੰਘ ਸੇਠੀ ਵਲੋਂ ਲੇਖ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਮਹੱਤਵ ਗੁਰਕੰਵਲ ਕੌਰ ਵਲੋਂ ਲੇਖ, ਹਰਿ ਜੀਉ ਸਦਾ ਧਿਆਇ ਤੂੰ ਗੁਰਮੁਖ ਏਕੰਕਾਰ ਲੇਖ ਗੁਰਬਖਸ਼ ਸਿੰਘ ਪਿਆਸਾ ਵਲੋਂ, ਵੀਹਵੀਂ ਸਦੀ ਦੇ ਕੀਰਤਨੀਆਂ ਦਾ ਸਾਥੀ ਹਾਰਮੋਨੀਅਮ, ਪੁਸਤਕ ਸਮੀਖਿਆ ਡਾ. ਗੁਰਮੀਤ ਸਿੰਘ ਬੈਦਵਾਣ, ਰਾਗ ਮਾਲੀ ਗਉੜਾ ਦੀ ਬੰਦਸ਼ ਰਾਗ ਬਸੰਤ ਵਿਚ ਲਗਭੱਗ ਦੀ ਬੰਦਸ ਵਲੋਂ ਜਵੱਦੀ ਟਕਸਾਲ ਲੁਧਿਆਣਾ ਆਦਿਕ ਸਮੱਗਰੀ ਬੇਹੱਦ ਪਸੰਦ ਆਈ।

*- ਪ੍ਰੋ. ਮੰਗਤ ਸਿੰਘ ਮਸਤਾਨਾ*

*ਅਸ਼ੋਕਾ ਰਿਫਰੈਸਮੈਂਟ, ਨੇੜੇ ਚਾਰ ਖੰਬਾ ਚੌਕ,*

*ਮੰਡੀ ਹਰਜੀ ਰਾਮ, ਮਲੋਟ 152 107 ਮੁਕਤਸਰ*

♦ 'ਅੰਮ੍ਰਿਤ ਕੀਰਤਨ' ਜਨਵਰੀ 2003-ਸੰਤ ਬਾਬਾ ਸੁੱਚਾ ਸਿੰਘ ਜੀ ਸ਼ਰਧਾਂਜਲੀ ਅੰਕ ਪ੍ਰਕਾਸ਼ਿਤ ਕਰਕੇ ਤੁਸੀ ਜਸ ਖੱਟਣ ਯੋਗ ਕਾਰਜ ਕੀਤਾ ਹੈ। ਸਾਰੀ ਸਮੱਗਰੀ ਵਡਮੁੱਲੀ ਹੈ। ਅਦੁੱਤੀ ਸਖ਼ਸ਼ੀਅਤ ਪ੍ਰਤੀ ਅਨੂਠੀ ਸ਼ਰਧਾ ਦਾ ਕੋਈ ਮੁੱਲ ਨਹੀਂ। ਨਵੇਂ ਸਾਲ ਵਿਚ ਤੁਸੀਂ ਵੱਧ ਹੌਸਲੇ ਤੇ ਲਿਸ਼ਕਵੇਂ ਉੱਦਮ ਨਾਲ ਜੁਟੇ ਰਹੋ, ਇਹੋ ਅਰਦਾਸ ਹੈ।

*- ਮਨਮੋਹਨ ਸਿੰਘ ਦਾਊਂ*

*280, ਫੇਜ਼ 6, ਐਸ ਏ ਐਸ ਨਗਰ, ਮੋਹਾਲੀ*

## ਤੁਹਾਡੇ ਡਾਕਟਰ ਦੀ ਦੋਸਤਾਨਾ ਸਲਾਹ

ਮੇਰੇ ਇੱਕ ਮਿੱਤਰ ਹਨ-ਡਾਕਟਰ ਤ੍ਰਿਲੋਚਨ ਸਿੰਘ ਸੇਠੀ! ਜਦੋਂ ਉਹਨਾਂ ਦੀ ਕਲੀਨਿਕ ਉੱਤੇ ਜਾਈਏ ਤਾਂ ਉਹ ਸਰੀਰਕ ਬਿਮਾਰੀ ਦਾ ਇਲਾਜ ਘਟ ਕਰਦੇ ਹਨ ਪਰ ਮਾਨਸਿਕ ਅਤੇ ਸਮਾਜਿਕ ਬਿਮਾਰੀਆਂ ਦਾ ਇਲਾਜ ਵਧੇਰੇ ਕਰਦੇ ਹਨ। ਉਂਜ ਵੀ, ਉਹ ਡਾਕਟਰ ਘਟ ਤੇ ਸਮਾਜ ਸੁਧਾਰਕ ਵਧੇਰੇ ਜਾਪਦੇ ਹਨ। ਉਹ ਕਈ ਧਾਰਮਿਕ ਅਤੇ ਸਮਾਜ ਸੇਵੀ ਸੰਸਥਾਵਾਂ ਦੀਆਂ ਕਾਰਗੁਜ਼ਾਰੀਆਂ ਵਿੱਚ ਬਹੁਤੇ ਰੁਝੇ ਰਹਿੰਦੇ ਹਨ। ਉਹਨਾਂ ਦੇ ਪਰਿਵਾਰ ਦੇ ਸਾਰੇ ਮੈਂਬਰ- ਪਤਨੀ ਜਸਬੀਰ ਕੌਰ, ਪੁਤਰੀਆਂ ਹਰਪ੍ਰੀਤ ਕੌਰ ਅਤੇ ਮਹਿਤਾਬ ਕੌਰ- ਸਪੁੱਤਰ ਹਰਨੇਕ ਸਿੰਘ ਸਾਰੇ ਹੀ ਆਪਣੀਆਂ ਆਪਣੀਆਂ ਵਿਸ਼ੇਸ਼ ਲਗਨਾਂ ਵਿੱਚ ਮਗਨ ਰਹਿੰਦੇ ਹਨ। ਇਕ ਦਿਨ ਮੈਂ ਅਤੇ ਮੇਰੀ ਪਤਨੀ ਕੁਲਵੰਤ ਕੌਰ ਉਹਨਾਂ ਦੀ ਕਲੀਨਿਕ ਵਿੱਚ ਬੈਠੇ ਸਾਂ ਤਾਂ ਇੱਕ ਛੋਟਾ ਜਿਹਾ ਪੋਸਟਰ ਪੜ੍ਹਿਆ। ਇਹ ਪੋਸਟਰ ਕੁਲਵੰਤ ਕੌਰ ਜੀ ਨੂੰ ਬੜਾ ਚੰਗਾ ਲੱਗਾ-

**FRIENDLY ADVICE**

**From Your Doctor**

The tongue has the power
to hurt and also to heal
Be careful of every word
You speak
It can affect many lives...
Including your own.

ਕਿੰਨੀ ਕਮਾਲ ਦੀ ਸਲਾਹ ਹੈ ਡਾਕਟਰ ਦੀ! ਮੈਨੂੰ ਯਾਦ ਆਇਆ-

*ਮੇਰਾ ਵੈਦ ਗੁਰੂ ਗੋਬਿੰਦਾ॥*

*ਹਰਿ ਹਰਿ ਨਾਮ ਅਉਖਧ ਮੁਖ ਦੇਵੈ ਕਾਟੇ ਜਮ ਕੇ ਫੰਧਾ॥*

ਮੇਰੇ ਗੁਰੂ ਵੈਦ ਨੇ ਅਜਿਹੀਆਂ ਕਈ ਸਲਾਹਾਂ ਦਿੱਤੀਆਂ ਹਨ ਬਿਲਕੁਲ ਮੁਫ਼ਤ! ਪਰ ਜਿਹੜੀ ਚੀਜ਼ ਸਾਨੂੰ ਮੁਫਤ ਮਿਲਦੀ ਹੈ ਉਸ ਦੀ ਮਹਤੱਤਾ ਘਟ ਜਾਂਦੀ ਹੈ। ਗੁਰੂ ਨੇ ਤਾਂ ਬੋਲਣ ਬਾਰੇ ਸਾਨੂੰ ਸਦੀਆਂ ਪਹਿਲਾਂ ਸੁਚੇਤ ਕੀਤਾ ਸੀ-

*ਨਾਨਕ ਫਿਕੈ ਬੋਲੀਐ ਤਨ ਮਨ ਫਿਕਾ ਹੋਇ॥*

ਉਹ ਚੰਗੇ ਬੋਲਾਂ ਨੂੰ ਅੰਮ੍ਰਿਤ ਬਚਨ ਆਖਦੇ ਹਨ। ਬਾਣੀ ਦਾ ਸ਼ਾਬਦਿਕ ਅਰਥ ਬੋਲ ਹੈ। ਇਹਨਾਂ ਬੋਲਾਂ ਨੂੰ ਵਾਰ ਵਾਰ ਬੋਲ ਕੇ ਅਸੀਂ ਅੰਮ੍ਰਿਤ ਮਈ ਜੀਵਨ ਜੀਉ ਸਕਦੇ ਹਾਂ। ਬੋਲਣ ਬਾਰੇ ਸੁਚੇਤ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ:

*ਜਿਥੇ ਜਾਏ ਬਹੀਐ ਭਲਾ ਕਹੀਐ ਝੋਲ ਅੰਮ੍ਰਿਤ ਪੀਜੈ॥*

ਝੋਲ ਦਾ ਅਰਥ ਹੈ ਨਿਤਾਰ ਕੇ। ਕੀ ਅਸੀਂ ਬੋਲਣ ਲੱਗਿਆਂ ਸ਼ਬਦਾਂ ਨੂੰ ਤੋਲਦੇ ਹਾਂ? ਬੁਰਾ ਬੋਲਣ ਲਈ ਜਦੋਂ ਸਾਡੀ ਜੀਭ ਲਲਚਾਉਂਦੀ ਹੈ ਤਾਂ ਕੀ ਅਸੀਂ ਇਸ ਨੂੰ ਲਗਾਮ ਪਾਉਂਦੇ ਹਾਂ। ਉਸ ਵੇਲੇ ਅਸੀਂ ਭੁਲ ਜਾਂਦੇ ਹਾਂ ਕਿ ਬੋਲਣਾ ਤਾਂ ਜੀਭ ਨੇ ਹੈ ਪਰ ਜੁਤੀਆਂ ਸਾਡੇ ਸਿਰ ਤੇ ਪੈਣੀਆਂ ਹਨ। ਸਿਆਣੇ ਆਖਦੇ ਹਨ ਕਿ ਬੋਲਾਂ ਵਿੱਚ ਬੜੀ ਸ਼ਕਤੀ ਹੈ। ਇਹ ਬੋਲ ਬੀਜ ਵਾਂਗ ਹੁੰਦੇ ਹਨ। ਜੋ ਅਸੀਂ ਬੋਲਦੇ ਹਾਂ ਉਹ ਵਾਪਰ ਜਾਂਦਾ ਹੈ। ਹਾਂ, ਇੱਕ ਗੱਲ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਜੋ ਅਸੀਂ ਬੋਲਦੇ ਹਾਂ ਉਹ ਕਈ ਨਸ਼ਟ ਨਹੀਂ ਹੁੰਦਾ। ਜੇ ਅਸੀ ਕੋਈ ਨੈਗਟਿਵ ਗੱਲ ਕਹੀ ਹੈ ਤਾਂ ਉਹ ਗੱਲ ਨਸ਼ਟ ਨਹੀਂ ਹੋਵੇਗੀ ਪਰ ਉਸ ਦਾ ਪ੍ਰਭਾਵ ਘਟਾਉਣ ਲਈ ਸਾਨੂੰ ਸੈਂਕੜੇ ਵਾਰ ਪਾਜ਼ਟਿਵ ਗੱਲ ਉਚਾਰਨੀ ਪਵੇਗੀ। ਵਡੇ ਵੈਦ ਨੇ ਤਾਂ ਜੀਭ ਲਈ ਪਹਿਲਾਂ ਹੀ ਕਿਹਾ ਹੋਇਆ ਹੈ:

*ਰਸਨਾ ਜਪੇ ਨਾ ਨਾਮ ਤਿਲ ਤਿਲ ਕਰ ਕਟੀਐ।*

ਅਤੇ

*ਨਿਰਮਲ ਰਸਨਾ ਅੰਮ੍ਰਿਤ ਪੀਉ।*

# ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦੀ ਮੌਲਿਕਤਾ

ਡਾ. ਗੁਰਨਾਮ ਸਿੰਘ
ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ
ਪਟਿਆਲਾ

ਸਿੱਖ ਧਰਮ ਵਿਚ ਸ਼ਬਦ ਰੂਪੀ ਬਾਣੀ ਦੇ ਇਲਾਹੀ ਸੰਦੇਸ਼ ਦੇ ਸੰਚਾਰ ਲਈ ਸੰਗੀਤ ਦਾ ਬਹੁ-ਵਿਧ ਪ੍ਰਯੋਗ ਹੋਇਆ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਮੂਹ ਗੁਰੂ ਸਾਹਿਬਾਨ ਨੇ ਸਿੱਖੀ ਜੀਵਨ ਦੇ ਮਰਿਯਾਦਾਗਤ ਪਸਾਰੇ ਵਿਚ ਸੰਗੀਤ, ਬਾਣੀ ਦੇ ਉਚਾਰ ਤੇ ਸੰਚਾਰ ਲਈ ਸੰਗੀਤ ਦੀ ਬੁਨਿਆਦੀ ਭੂਮਿਕਾ ਸਪਸ਼ਟ ਹੈ। ਸਿੱਖ ਧਰਮ ਵਿਚ ਸੰਗੀਤ ਦੀ ਕੇਂਦਰੀ ਤੇ ਬੁਨਿਆਦੀ ਪਰੰਪਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਅਨੁਸਾਰੀ ਸ਼ਬਦ ਕੀਰਤਨ ਦੀ ਰਾਗਮਈ ਪਰੰਪਰਾ ਹੈ। ਇਸਦੇ ਨਾਲ ਮਹਾਂਪੁਰਖਾਂ, ਸੰਤਾਂ-ਮਹਾਤਮਾਵਾਂ ਅਤੇ ਸਿੱਖ ਸੰਗਤਾਂ ਦੁਆਰਾ ਲੋਕ ਸੰਗੀਤਕ ਅੰਗ ਤੋਂ '*ਧਾਰਣਾਈ ਸ਼ਬਦ ਕੀਰਤਨ*' ਪ੍ਰਚੱਲਿਤ ਕੀਤਾ ਜਿਨ੍ਹਾਂ ਵਿਚੋਂ ਦਰਬਾਰ ਸਾਹਿਬ ਵਿਖੇ '*ਵਾਰੀਆਂ ਦੇ ਕੀਰਤਨ*' ਦੀ ਚੌਕੀ ਸਾਹਿਬ ਦੀ ਮਰਿਯਾਦਾ ਵਿਸ਼ੇਸ਼ ਹੈ। ਇਸੇ ਤਰ੍ਹਾਂ '*ਭੱਟਾਂ ਦੇ ਸਵੱਈਏ ਗਾਇਨ*' ਦੀ ਪਰੰਪਰਾ ਤੋਂ ਲੈ ਕੇ '*ਕਵੀਸ਼ਰੀ ਗਾਇਨ*' ਕਲਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਵਰੋਸਾਈ '*ਢਾਡੀ ਪਰੰਪਰਾ*' ਸਿੱਖ ਧਰਮ ਵਿਚ ਪ੍ਰਚੱਲਤ ਸੰਗੀਤ ਦੀਆਂ ਨਿਵੇਕਲੀਆਂ ਧਾਰਾਵਾਂ ਹਨ। ਸਿੱਖ ਧਰਮ ਵਿਚ ਪ੍ਰਵਾਨਿਤ ਇਹ ਸਾਰੀਆਂ ਧਾਰਾਵਾਂ ਸੁਤੰਤਰ ਵਿਸਥਾਰ ਤੇ ਅਧਿਐਨ ਦੀਆਂ ਸਮਰੱਥ ਸੰਭਾਵਨਾਵਾਂ ਰੱਖਦੀਆਂ ਹਨ। ਵਰਤਮਾਨ ਸਮੇਂ ਸੰਗੀਤ ਦੀ ਇਹ ਵਿਸ਼ਾਲ ਸਿੱਖ ਪਰੰਪਰਾ ਸਮੁੱਚੇ ਰੂਪ ਵਿਚ ਸਿੱਖ ਸੰਗੀਤ ਪੱਧਤੀ ਵਜੋਂ ਉਜਾਗਰ ਹੋ ਰਹੀ ਹੈ।

ਸਿੱਖ ਸੰਗੀਤ ਦੀ ਕੇਂਦਰੀ ਤੇ ਪ੍ਰਮੁੱਖ ਸੰਗੀਤ ਪਰੰਪਰਾ '*ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ*' ਦੇ '*ਸੰਗੀਤ-ਮਤਿ*' ਜਾਂ '*ਸੰਗੀਤ ਸਿਧਾਂਤ*' ਦੀ ਅਨੁਸਾਰੀ ਗੁਰਮਤਿ ਸੰਗੀਤ ਪਰੰਪਰਾ ਹੈ। ਗੁਰਮਤਿ ਦਾ ਅਨੁਸਾਰੀ ਇਹ ਸੰਗੀਤ ਵਿਧਾਨ ਵਿਭਿੰਨ ਗਾਇਨ ਪ੍ਰਯੋਗੀ ਤੱਤਾਂ ਸਹਿਤ ਕਾਰਜਸ਼ੀਲ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ *ਰਾਗ*[1], *ਰਹਾਉ*[2], *ਅੰਕ*[3], *ਸਨਾਤਨੀ ਤੇ ਦੇਸੀ ਅੰਗ ਦੇ ਬਾਣੀ ਕੀਰਤਨ ਰੂਪਾਂ*[4], *ਵੱਖ ਵੱਖ ਸੰਕੇਤਾਂ*[5], *ਸਿਰਲੇਖਾਂ*[6] ਤੇ ਕੀਰਤਨ ਸਬੰਧੀ ਗੁਰ-ਫੁਰਮਾਨਾਂ ਦੁਆਰਾ ਸੰਗੀਤ ਦਾ ਇਕ ਨਿਸ਼ਚਤ ਵਿਧਾਨ ਨਿਰਧਾਰਤ ਹੈ।

ਗੁਰਮਤਿ ਸੰਗੀਤ ਦੀ ਇਸ ਮਰਿਯਾਦਤ ਕੀਰਤਨ ਦਾ ਵਿਭਿੰਨ ਕੀਰਤਨ ਚੌਕੀਆਂ ਦੇ ਰੂਪ ਵਿਚ ਪ੍ਰਾਰੰਭ ਗੁਰੂ ਨਾਨਕ ਸਾਹਿਬ ਤੋਂ ਹੋਇਆ ਜਿਸ ਨੂੰ ਗੁਰੂ ਸਾਹਿਬਾਨ ਨੇ ਵਿਸ਼ੇਸ਼ ਪ੍ਰਤਿਬੱਧਤਾ ਨਾਲ ਜਾਰੀ ਰੱਖਿਆ। ਗੁਰੂ ਨਾਨਕ ਦੇਵ[6] ਜੀ ਤੋਂ ਲੈ ਕੇ ਗੁਰੂ ਅਰਜਨ ਦੇਵ[7] ਜੀ ਤੱਕ ਆਸਾ ਦੀ ਵਾਰ, ਚਰਨ ਕਮਲ, ਸੋਦੁਰ, ਆਰਤੀ ਅਤੇ ਕਲਿਆਣ ਦੀਆਂ ਚੌਕੀਆਂ ਦਾ ਪ੍ਰਚੱਲਨ ਮਰਿਯਾਦਤ ਰੂਪ ਵਿਚ ਹੋ ਚੁੱਕਾ ਸੀ। ਉਕਤ ਕੀਰਤਨ ਚੌਕੀਆਂ ਤੋਂ ਬਿਨਾ ਇਹੀ ਪਰੰਪਰਾ ਬਿਲਾਵਲ, ਸਾਰੰਗ, ਕਲਿਆਣ, ਕਾਨੜਾ ਆਦਿ ਰਾਗਾਂ ਦੇ ਨਾਵਾਂ ਉੱਪਰ ਰਾਗਮਈ ਕੀਰਤਨ ਚੌਕੀਆਂ ਵਜੋਂ ਵਿਕਸਤ ਹੋਈ।

ਸਿੱਖ ਧਰਮ ਵਿਚ ਸ਼ਬਦ ਕੀਰਤਨ ਦਾ ਵਿਵਹਾਰਕ ਰੂਪ ਵਿਚ ਪ੍ਰਚੱਲਿਤ ਇਹ ਮੌਲਿਕ ਤੇ ਸਜੀਵ ਸੰਗੀਤ ਵਿਧਾਨ ਹੀ ਇਸ ਨੂੰ ਦੂਸਰੀਆਂ ਪਰੰਪਰਾਵਾਂ ਨਾਲੋਂ ਨਿਖੇੜਨ ਵਿਚ ਸਹਾਈ ਹੁੰਦਾ ਹੈ। ਇਸ ਤਰ੍ਹਾਂ ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ ਸਦੀਆਂ ਦੇ ਨਿਰੰਤਰ ਵਿਕਾਸ ਤੋਂ ਬਾਅਦ ਸਾਡੀ ਅਨਮੋਲ ਵਿਰਾਸਤ ਵਜੋਂ ਵਿਦਮਾਨ ਹੈ। ਸਮਕਾਲੀ ਸੰਗੀਤ ਪਰੰਪਰਾਵਾਂ ਦੇ ਪ੍ਰਸੰਗ ਵਿਚ ਗੁਰਮਤਿ ਸੰਗੀਤ ਪਰੰਪਰਾ ਦੇ ਅਕਾਦਮਿਕ ਪੱਧਰ ਉਤੇ ਅਧਿਐਨ, ਅਧਿਆਪਨ ਤੇ ਖੋਜ ਦੁਆਰਾ ਅਸੀਂ ਗੁਰਮਤਿ ਸੰਗੀਤ ਦੇ ਮੌਲਿਕ ਤੇ ਵਿਲੱਖਣ ਮੁਹਾਂਦਰੇ ਨੂੰ ਪਛਾਨਣ ਵਿਚ ਸਫ਼ਲ ਹੋਏ ਹਾਂ ਪਰੰਤੂ ਇਸ ਖੋਜ ਤੇ ਅਧਿਐਨ ਨੇ ਇਸ ਪਰੰਪਰਾ ਦੇ ਵਰਤਮਾਨ ਤੇ ਭਵਿੱਖ ਬਾਰੇ ਗੰਭੀਰ ਪ੍ਰਸ਼ਨ ਚਿੰਨ੍ਹ ਤੇ ਚਣੌਤੀਆਂ ਵੀ ਪੇਸ਼ ਕੀਤੀਆਂ ਹਨ। ਅਸੀਂ ਗੁਰੂ ਸਾਹਿਬਾਨ ਦੁਆਰਾ ਵਰੋਸਾਈ ਇਸ ਗੁਰਮਤਿ ਸੰਗੀਤ ਪਰੰਪਰਾ ਦੀ ਸਮਰਿਧਤਾ ਨੂੰ ਕਈ ਸਦੀਆਂ ਬੀਤ ਜਾਣ ਉਤੇ ਵੀ ਪੂਰਨ ਤੇ ਸਹੀ ਅਰਥਾਂ ਵਿਚ ਵਿਸ਼ਵ ਸਾਹਵੇਂ ਪ੍ਰਗਟ ਕਰਨ ਤੋਂ ਅਸਮਰੱਥ ਰਹੇ ਹਾਂ। ਇਸ ਸਥਿਤੀ ਵਿਚ '*ਪ੍ਰਚੱਲਤ ਵਰਤਮਾਨ ਸ਼ਬਦ ਕੀਰਤਨ*' ਅਤੇ '*ਗੁਰਮਤਿ ਅਨੁਸਾਰੀ ਰਾਗਮਈ ਸ਼ਬਦ ਕੀਰਤਨ*' ਪਰੰਪਰਾ ਵਿਚ ਇਕ ਵੱਡਾ ਪਾੜਾ ਤੇ ਅੰਤਰ-ਵਿਰੋਧ ਪ੍ਰਤੱਖ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੰਗੀਤ ਵਿਧਾਨ ਜੋ ਗੁਰੂ ਸਾਹਿਬ ਦੁਆਰਾ ਮਰਿਯਾਦਤ ਰੂਪ ਵਿਚ ਵਿਕਸਤ ਹੋਇਆ, ਉਸ ਗੁਰਮਤਿ ਸੰਗੀਤ ਪਰੰਪਰਾ ਦਾ ਵਿਵਹਾਰਕ ਪ੍ਰਚਲਨ ਜਾਰੀ ਰੱਖਣਾ ਸਾਡਾ ਮਰਿਯਾਦਾਗਤ ਕਰਤੱਵ ਸੀ। ਸਿੱਖ ਰਹਿਤ ਮਰਿਯਾਦਾ ਵਿਚ ਸਧਾਰਨ ਲੇਖਨ[8] ਅਤੇ ਹਰਿਮੰਦਰ ਸਾਹਿਬ ਤੋਂ ਕੀਰਤਨ ਚੌਕੀਆਂ ਦੇ ਨਾਮ ਕੇਵਲ ਨਾਵਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਣਾ ਚਿੰਤਾ ਦਾ ਵਿਸ਼ਾ ਹੈ। ਫਲਸਰੂਪ ਸਿੱਧੀਆਂ, ਸੁਖਾਵੀਆਂ, ਪ੍ਰਚੱਲਤ ਧੁਨਾਂ ਬਾਣੀ ਸੰਗੀਤ ਵਿਧਾਨ ਦੇ ਕੀਰਤਨ ਨਿਰਦੇਸ਼ਾਂ ਨੂੰ

ਅਨਜਾਣੇ ਹੀ ਅਵੱਗਿਆ ਕਰਕੇ ਕੰਨ ਰਸ ਲੋਕਪ੍ਰਿਯ ਕੀਰਤਨ ਸ਼ੈਲੀ ਵਜੋਂ ਵਿਕਸਤ ਹੋ ਚੁੱਕੀਆਂ ਹਨ।[9] ਬਾਣੀ ਅਤੇ ਰਾਗ ਦੇ ਸੰਯੁਕਤ ਸੰਗੀਤ ਵਿਧਾਨ ਦੀ ਸਿੱਖ ਕੀਰਤਨ ਪਰੰਪਰਾ ਵਰਗੀ ਕੋਈ ਹੋਰ ਮਿਸਾਲ ਵਿਸ਼ਵ ਸੰਗੀਤ ਵਿਚ ਉਲੇਖ ਅਤੇ ਧਾਰਮਿਕ ਮਰਿਯਾਦਾ ਵਜੋਂ ਵਿਵਹਾਰਕ ਪ੍ਰਯੋਗ ਦੇ ਪੱਧਰ ਤੇ ਉਪਲਬੱਧ ਨਹੀਂ। ਅਸੀਂ ਆਪਣੀ ਇਸ ਅਨਮੋਲ ਮੌਲਿਕ ਰਾਗਮਈ ਵਿਰਾਸਤ ਦੀ ਸੁਰੱਖਿਆ ਸੰਭਾਲ ਤੇ ਪੁਨਰ ਪੇਸ਼ਕਾਰੀ ਸਬੰਧੀ ਸਰੋਕਾਰ ਗੁਆ ਬੈਠੇ ਹਾਂ। ਇਸ ਪ੍ਰਸਥਿਤੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਮੂਹ ਸੰਸਥਾਵਾਂ ਨੂੰ ਗੁਰਮਤਿ ਸੰਗੀਤ ਦੇ ਸ਼ੁੱਧ ਤੇ ਮੌਲਿਕ ਸੰਗੀਤ ਦੀ ਸੁਰੱਖਿਆ ਸੰਭਾਲ ਸਬੰਧੀ ਸੁਚੇਤ ਹੋ ਸੰਭਲਣ ਦਾ ਅਵਸਰ ਹੀ ਨਹੀਂ ਦਿੱਤਾ। ਗੁਰਮਤਿ ਸੰਗੀਤ ਦੀਆਂ ਪਰੰਪਰਾਗਤ ਟਕਸਾਲਾਂ ਦੇ ਇਕ ਇਕ ਕਰਕੇ ਲੁਪਤ ਹੋਣ ਨਾਲ ਕੀਰਤਨ ਸਿਖਲਾਈ ਦੀਆਂ ਪ੍ਰਮਾਣਿਕ ਵਿਧੀਆਂ ਸਮਾਪਤ ਹੋ ਗਈਆਂ ਹਨ। ਕੀਰਤਨ ਦੀ ਦਿਸ਼ਾਹੀਣ ਸਿਖਲਾਈ ਦੀ ਸਿਖਰ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚਲਾਈਆਂ ਜਾ ਰਹੀਆਂ ਸੰਸਥਾਵਾਂ ਦੇ ਕੀਰਤਨ ਪਾਠ-ਕ੍ਰਮ ਵਿਚ ਹੀ ਇਕਸਾਰਤਾ ਤੇ ਇਕਸੁਰਤਾ ਨਹੀਂ। ਇਸ ਸਥਿਤੀ ਵਿਚ ਵਿਸ਼ਵ ਭਰ ਵਿਚ ਬਾਕੀ ਸਿੱਖ ਸੰਸਥਾਵਾਂ ਵੱਲੋਂ ਆਪੋ ਆਪਣੇ ਤੌਰ ਤਰੀਕਿਆਂ ਨਾਲ ਸਿਖਾਏ ਜਾ ਰਹੇ ਕੀਰਤਨ ਸਬੰਧੀ ਆਸ ਰੱਖਣੀ ਤਾਂ ਫਿਲਹਾਲ ਮੁਨਾਸਿਬ ਹੀ ਨਹੀਂ।

ਬਾਣੀ ਦੇ ਪ੍ਰਕਾਸ਼ ਲਈ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਵਿਧਾਨ ਉੱਤੇ ਅਧਾਰਿਤ ਜੋ ਕੀਰਤਨ ਚੌਕੀਆਂ ਦੀ ਰਾਗਮਈ ਪਰੰਪਰਾ ਸਦੀਆਂ ਤੋਂ ਮਰਿਯਾਦਤ ਰੂਪ ਵਿਚ ਸਥਾਪਤ ਤੇ ਵਿਕਸਤ ਕੀਤੀ ਉਹ ਸਮਾਪਤੀ ਦੀ ਰਾਹੇ ਤੁਰ ਪਈ ਹੈ। ਇਸ ਤੋਂ ਇਲਾਵਾ ਟਕਸਾਲੀ ਕੀਰਤਨ ਪਰੰਪਰਾ ਅਤੇ ਤੰਤੀ ਸਾਜ਼ ਇਕ ਇਕ ਕਰਕੇ ਅਲੋਪ ਹੋ ਚੁੱਕੇ ਹਨ। ਗੁਰਮਤਿ ਸੰਗੀਤ ਦੇ ਵਿਵਹਾਰਕ ਰੂਪ ਵਿਚ ਅਲੋਪ ਹੋ ਰਹੇ ਇਹ ਨਕਸ਼ ਜਿੱਥੇ ਬਾਣੀ ਦੀ ਸੰਚਾਰਸ਼ੀਲਤਾ ਦੇ ਪ੍ਰਮੁੱਖ ਮਾਧਿਅਮ ਸ਼ਬਦ ਕੀਰਤਨ ਦੀ ਚਿੰਤਾਜਨਕ ਸਥਿਤੀ ਪ੍ਰਤੀ ਸਾਨੂੰ ਸੁਚੇਤ ਕਰ ਰਹੇ ਹਨ ਉਥੇ ਬਾਣੀ ਦੇ ਵਿਵਹਾਰਕ ਪ੍ਰਚੱਲਨ, ਬਾਣੀ ਦੇ ਯਥਾਰਥ ਅਤੇ ਸਿੱਖ ਮਰਿਯਾਦਾ ਦੀ ਉਲੰਘਣਾ ਦੇ ਅੰਤਰ-ਵਿਰੋਧਾਂ ਤੇ ਟਕਰਾਅ 'ਚੋਂ ਉਤਪੰਨ ਹੋਣ ਵਾਲੀਆਂ ਪ੍ਰਸਥਿਤੀਆਂ ਦੇ ਗੰਭੀਰ ਨਤੀਜਿਆਂ ਵੱਲ ਵੀ ਸੰਕੇਤ ਕਰ ਰਹੇ ਹਨ। ਇਸ ਲਈ ਗੁਰਮਤਿ ਸੰਗੀਤ ਦੀ ਮੌਲਿਕਤਾ ਦੀ ਪਛਾਣ ਲਾਜ਼ਮੀ ਹੈ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਦੇ ਸ਼ੁੱਧ ਤੇ ਮੌਲਿਕ ਸਰੂਪ ਦੀ ਪਛਾਣ ਤੇ ਸਥਾਪਤੀ ਦੀ ਚਰਚਾ ਕੇਵਲ ਕੁਝ ਸੁਚੇਤ ਮਨਾਂ ਦੀ ਟੀਸ ਬਣ ਗਈ ਹੈ। ਸ਼ਬਦ ਕੀਰਤਨ ਦੀ ਇਸ ਵਿਕ੍ਰਤੀ ਨੂੰ ਗੁਰਮਤਿ ਸੰਗੀਤ ਦੇ ਵਿਭਿੰਨ ਗਾਇਨ ਵਾਦਨ ਧਾਰਾਵਾਂ ਦੇ ਪ੍ਰਸੰਗ ਵਿਚ ਵੀ ਵਿਚਾਰਿਆ ਜਾ ਸਕਦਾ ਹੈ। ਗੁਰਮਤਿ ਸੰਗੀਤ ਪਰੰਪਰਾ ਦੀ ਕੇਂਦਰੀ ਸ਼ਕਤੀ ਇਸ ਪਰੰਪਰਾ ਦੀ ਰਾਗਾਤਮਿਕਤਾ ਹੈ ਇਸ ਲਈ ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦੀ ਮੌਲਿਕਤਾ ਅਤੇ ਸਮਕਾਲੀ ਕੀਰਤਨ ਪਰੰਪਰਾ ਦੇ ਸੰਦਰਭ ਵਿਚ ਹੀ ਇਹ ਵਿਕਾਸ ਵਧੇਰੇ ਉਚਿਤ ਹੋਵੇਗੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਿੰਨ ਭਿੰਨ ਰਾਗਾਂ, ਰਾਗ ਪ੍ਰਕਾਰਾਂ, ਰਾਗਾਤਮਿਕ ਵਰਗੀਕਰਣ ਤੋਂ ਨਿਰਧਾਰਤ ਵਿਸ਼ਿਸ਼ਟ ਰਾਗ ਪ੍ਰਬੰਧ ਪ੍ਰਤੱਖ ਹੈ। ਇਸੇ ਲਈ ਇਸ ਸੰਦਰਭ ਵਿਚ ਵਿਚਾਰ ਉੱਚਿਤ ਹੋਵੇਗੀ। ਗੁਰੂ ਸਾਹਿਬਾਨ ਨੇ ਰਾਗ ਦਾ ਪ੍ਰਯੋਗ ਇਸ ਦੇ *ਜਨ-ਚਿਤਰੰਜਕ, ਵਿਸ਼ੇਸ਼ ਰੰਗ ਵਿਚ ਰੰਗ ਦੇਣ ਵਾਲੇ, ਮਨ ਨੂੰ ਵੱਸ ਕਰਨ ਵਾਲੇ ਵਿਆਪਕ ਤੇ ਚਿਰੰਜੀਵੀ* ਬੁਨਿਆਦੀ ਗੁਣਾਂ ਕਰਕੇ ਹੀ ਕੀਤਾ।[10] ਗੁਰੂ ਅਰਜਨ ਦੇਵ ਜੀ ਨੇ ਬਾਣੀ ਦਾ ਰਾਗ ਮੁਖੀ ਸੰਕਲਨ ਕਰਕੇ ਆਪਣੇ ਤੋਂ ਪੂਰਵ ਕਾਲੀਨ ਤੇ ਸਮਕਾਲੀਨ ਗੁਰੂ ਸਾਹਿਬਾਨ, ਸੰਤਾਂ ਤੇ ਭਗਤਾਂ ਦੇ ਅਧਿਆਤਮਕ ਸੰਦੇਸ਼ ਨੂੰ ਰਾਗ ਦੇ ਚਿਰੰਜੀਵੀ ਮਾਧਿਅਮ ਦੁਆਰਾ ਸਾਕਾਰ ਤੇ ਸਜੀਵ ਕੀਤਾ ਤਾਂ ਜੋ *ਓਸ ਗੁੰਗੇ ਕੀ ਮਠਿਆਈ* ਦੀ ਅਵਿੱਅਕਤਤਾ ਦੀ ਅਭਿਵਿਅਕਤੀ ਬਾਣੀ ਦੇ ਸੰਦੇਸ਼ ਦੁਆਰਾ ਰਾਗ ਦੀ ਰਾਗਾਤਮਕ ਕੈਨਵਸ ਉੱਤੇ ਚਿੱਤਰੀ ਜਾ ਸਕੇ। ਬਾਣੀ ਵਿਚ ਰਾਗਾਂ ਦਾ ਅੰਕਣ ਸਿੱਧੇ ਪਧਰੇ ਸਿਰਲੇਖਾਂ ਵਜੋਂ ਪ੍ਰਗਟ ਨਹੀਂ ਹੁੰਦਾ ਸਗੋਂ ਇਹ ਵਿਸ਼ਿਸ਼ਟ ਰਾਗ ਵਿਗਿਆਨਕਤਾ ਦਾ ਅਨੁਸਾਰੀ ਹੈ। ਇਸ ਪ੍ਰਯੋਜਨ ਲਈ ਹਿੰਦੁਸਤਾਨੀ ਸੰਗੀਤ ਤੇ ਕਰਨਾਟਕੀ ਸੰਗੀਤ ਦੇ ਖਜ਼ਾਨੇ ਵਿਚੋਂ ਪ੍ਰਾਪਤ ਰਾਗਾਂ ਦੇ ਨਾਲ ਨਾਲ ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਵਿਚ ਕੁਝ ਨਵੀਨ ਤੇ ਮੌਲਿਕ ਰਾਗਾਂ ਦਾ ਪ੍ਰਯੋਗ ਵੀ ਕੀਤਾ ਜਿਨ੍ਹਾਂ ਦਾ ਉਲੇਖ ਭਾਰਤੀ ਸੰਗੀਤ ਗ੍ਰੰਥਾਂ ਜਾਂ ਹੋਰ ਜੀਵੰਤ ਸਰੋਤਾਂ ਤੋਂ ਪ੍ਰਾਪਤ ਨਹੀਂ। ਗੁਰੂ ਸਾਹਿਬਾਨ ਨੇ ਰਾਗ ਦੇ ਪ੍ਰਯੋਗ ਦੁਆਰਾ ਗੁਰਮਤਿ ਸੰਗੀਤ ਦੀ ਨਿਵੇਕਲੀ ਰਾਗ ਪਰੰਪਰਾ ਸਥਾਪਤ ਕੀਤੀ ਹੈ ਜਿਸਨੇ ਭਾਰਤੀ ਸੰਗੀਤ ਦੇ ਰਾਗ ਵਿਗਿਆਨ ਨੂੰ ਨਵੀਨ ਸੇਧ ਪ੍ਰਦਾਨ ਕੀਤੀ। ਇਸ ਦੇ ਪ੍ਰਤੱਖ ਨਤੀਜੇ ਬਾਅਦ ਵਿਚ ਹਿੰਦੁਸਤਾਨੀ ਰਾਗ ਸ਼ਾਸਤਰ ਵਿਚ ਸਰੂਪਤ ਹੋਏ। ਹਿੰਦੁਸਤਾਨੀ ਸੰਗੀਤ ਵਿਚ ਮੱਧਕਾਲੀਨ ਰਾਗ-ਰਾਗਣੀ ਪੱਧਤੀ ਦੇ ਵਾਦ-ਵਿਵਾਦ ਤੋਂ ਮੁਕਤ ਹੋ ਕੇ ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਪੂਰਵ ਪ੍ਰਚੱਲਤ ਰਾਗ ਤੇ ਰਾਗਣੀਆਂ ਨੂੰ ਕੇਵਲ *ਰਾਗ* ਸਿਰਲੇਖ ਦੇ ਕੇ ਮੁੱਖ ਰਾਗਾਂ ਤੇ ਮਿਸ਼ਰਤ ਰਾਗਾਂ ਨੂੰ ਰਾਗ ਪ੍ਰਕਾਰ ਵਜੋਂ ਨਿਰਧਾਰਤ ਕਰਕੇ ਨਵੀਨ *ਰਾਗ ਵਰਗੀਕਰਣ* ਦਾ ਨਿਰਮਾਣ ਕੀਤਾ। ਇਹੀ ਰਾਗ ਵਰਗੀਕਰਣ ਬਾਅਦ ਵਿਚ ਭਾਰਤੀ

ਸੰਗੀਤ ਅਧੀਨ ਦੱਖਣੀ ਸੰਗੀਤ ਦੇ *ਮੇਲ ਰਾਗ ਵਰਗੀਕਰਣ* ਅਤੇ *ਹਿੰਦੁਸਤਾਨੀ ਸੰਗੀਤ ਦੇ ਥਾਟ ਰਾਗ ਵਰਗੀਕਰਣ* ਵਜੋਂ ਵਿਕਸਿਤ ਹੋਇਆ। ਇਸ ਪ੍ਰਕ੍ਰਿਆ ਅਧੀਨ ਭਾਰਤੀ ਸੰਗੀਤ ਦੇ ਵਿਗਿਆਨੀ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ ਕਿੰਨੇ ਕੁ ਸੁਚੇਤ ਸਨ ਇਸ ਸਬੰਧੀ ਅਧਿਕਾਰਪੂਰਣ ਕਹਿਣਾ ਕਠਿਨ ਹੈ ਪਰ ਗੁਰਮਤਿ ਸੰਗੀਤ ਦੇ ਬਾਨੀ ਗੁਰੂਆਂ ਦੇ ਰਾਗ ਵਰਗੀਕਰਨ ਦੀ ਸਾਰਥਿਕਤਾ ਤੇ ਮੌਲਿਕਤਾ ਕਈ ਸਦੀਆਂ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਤ ਸਰੂਪ ਵਿਚ ਹੀ ਸਥਾਪਤ ਹੋ ਚੁੱਕੀ ਸੀ।

ਗੁਰਮਤਿ ਸੰਗੀਤ ਦੇ ਇਸ ਰਾਗ ਪ੍ਰਬੰਧ ਵਿਚ ਹੇਠ ਲਿਖੇ ਅਨੁਸਾਰ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ:

**31 ਮੁੱਖ ਰਾਗ:** ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੌਂਡ, ਰਾਮਕਲੀ, ਨਟ ਨਾਰਾਇਣ, ਮਾਲੀਗਉੜਾ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ, ਜੈਜਾਵੰਤੀ।

**31 ਮਿਸ਼ਰਤ ਰਾਗ:** ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠਿ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਦੇਵਗੰਧਾਰ, ਵਡਹੰਸ ਦੱਖਣੀ, ਤਿਲੰਗ ਕਾਫੀ, ਸੂਹੀ ਕਾਫੀ, ਸੂਹੀ ਲਲਿਤ, ਬਿਲਾਵਲੁ ਦੱਖਣੀ, ਬਿਲਾਵਲੁ ਮੰਗਲ, ਬਿਲਾਵਲੁ ਗੌਂਡ, ਰਾਮਕਲੀ ਦੱਖਣੀ, ਨਟ, ਮਾਰੂ ਕਾਫੀ, ਮਾਰੂ ਦੱਖਣੀ, ਬਸੰਤ ਹਿੰਡੋਲ, ਕਲਿਆਣ ਭੋਪਾਲੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦੱਖਣੀ, ਬਿਭਾਸ ਪ੍ਰਭਾਤੀ।

ਉਕਤ ਰਾਗਾਂ ਵਿਚੋਂ *ਰਾਗ ਮਾਝ, ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਪੂਰਬੀ ਦੀਪਕੀ, ਗਉੜੀ ਦੀਪਕੀ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠਿ, ਗਉੜੀ ਮਾਝ, ਵਡਹੰਸ ਦੱਖਣੀ, ਸੂਹੀ, ਸੂਹੀ ਕਾਫੀ, ਸੂਹੀ ਲਲਿਤ, ਸੂਹੀ ਦੱਖਣੀ, ਬਿਲਾਵਲੁ ਦੱਖਣੀ, ਰਾਮਕਲੀ ਦੱਖਣੀ, ਮਾਰੂ ਕਾਫੀ, ਆਸਾ ਕਾਫੀ, ਤਿਲੰਗ ਕਾਫੀ, ਮਾਰੂ ਦੱਖਣੀ, ਤੁਖਾਰੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ ਅਤੇ ਪ੍ਰਭਾਤੀ ਦੱਖਣੀ* ਰਾਗਾਂ ਦਾ ਉਲੇਖ ਭਾਰਤੀ ਸੰਗੀਤ ਗ੍ਰੰਥਾਂ ਵਿਚ ਉਕਾ ਹੀ ਨਹੀਂ ਮਿਲਦਾ ਪ੍ਰੰਤੂ ਗੁਰਮਤਿ ਸੰਗੀਤ ਦੇ ਕੀਰਤਨ ਸਰੋਤਾਂ ਤੋਂ ਇਨ੍ਹਾਂ ਦੇ ਸਰੂਪ ਪ੍ਰਤੱਖ ਹਨ।[11]

ਭਾਰਤੀ ਸੰਗੀਤ ਵਿਚ 19ਵੀਂ ਸਦੀ ਦੇ ਮੱਧ ਤੱਕ ਸ਼ੁੱਧ ਥਾਟ ਵਿਚ ਹੋਏ ਪਰਿਵਰਤਨ ਦੇ ਫਲਸਰੂਪ ਕਾਫੀ ਰਾਗ ਦੇ ਸੁਰਾਂ ਸਮਾਨ ਸ਼ੁੱਧ ਥਾਟ, ਬਿਲਾਵਲ ਰਾਗ ਦੇ ਸੁਰਾਂ ਸਮਾਨ ਹੋ ਗਿਆ। ਇਸ ਨਾਲ ਰਾਗ ਦੇ ਸਰੂਪਾਂ ਦੀ ਪਛਾਣ ਵਿਚ ਭਿੰਨਤਾ ਆਉਣੀ ਲਾਜ਼ਮੀ ਸੀ ਅਤੇ ਇਹ ਪਰਿਵਰਤਨ ਰਾਗਾਂ ਦੇ ਸਰੂਪਾਂ ਦੇ ਪਰਿਵਰਤਨ ਵਜੋਂ ਭਾਰਤੀ ਸੰਗੀਤ ਵਿਚ ਦ੍ਰਿਸ਼ਟੀਗੋਚਰ ਹੋਇਆ ਜਿਸ ਨਾਲ ਰਾਗਾਂ ਦੇ ਇਕ ਤੋਂ ਵੱਧ ਸਰੂਪਾਂ ਦਾ ਪ੍ਰਚੱਲਨ ਸਾਹਮਣੇ ਆਇਆ ਪਰੰਤੂ ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਇਨ੍ਹਾਂ ਝਮੇਲਿਆਂ ਤੋਂ ਦੂਰ ਆਪਣੇ ਕੀਰਤਨ ਪ੍ਰਯੋਜਨ ਦੀ ਸਿੱਧੀ ਲਈ ਸੀਨਾ-ਬ-ਸੀਨਾ ਚਲੇ ਆ ਰਹੇ ਰਾਗਾਂ ਦਾ ਹੀ ਪ੍ਰਯੋਗ ਕਰ ਰਹੇ ਹਨ (ਜੋ ਗੁਰਮਤਿ ਸੰਗੀਤ ਦੇ ਅਨੁਭਵੀ ਤੇ ਟਕਸਾਲੀ ਕੀਰਤਨਕਾਰਾਂ ਕੋਲ ਅਜੇ ਵੀ ਮੌਜੂਦ ਹੈ)। ਭਾਰਤੀ ਸੰਗੀਤ ਦੀ ਰਾਗ ਪਰੰਪਰਾ ਦੇ ਸਮਾਨਅੰਤਰ ਗੁਰਮਤਿ ਸੰਗੀਤ ਦੀ ਰਾਗ ਪਰੰਪਰਾ ਵਿਭਿੰਨ ਅਤੇ ਮੌਲਿਕ ਰਾਗ ਸਰੂਪਾਂ ਸਹਿਤ ਪ੍ਰਗਟ ਹੋ ਰਹੀ ਹੈ। ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦੇ ਵਿਭਿੰਨ ਸਰੂਪਾਂ[12] ਦਾ ਵਿਸ਼ਾਲ ਖਜਾਨਾ ਇਸ ਪਰੰਪਰਾ ਦੀ ਸਮਰਧਿਤਾ ਤੇ ਮੌਲਿਕਤਾ ਦਾ ਪ੍ਰਤੱਖ ਪ੍ਰਮਾਣ ਹਨ। ਗੁਰਮਤਿ ਸੰਗੀਤ ਪਰੰਪਰਾ ਦੇ ਇਸ ਰਾਗ ਵਿਧਾਨ ਦੀ ਵਿਲੱਖਣਤਾ ਤੇ ਮੌਲਿਕਤਾ ਦੀ ਸੰਭਾਲ ਜ਼ਰੂਰੀ ਹੈ। ਜੇਕਰ ਸਿੱਖ ਸੰਗੀਤ ਦੀ ਇਸ ਮਹਾਨ ਰਾਗਾਤਮਿਕ, ਵਿਰਾਸਤ ਦੀ ਸੰਭਾਲ ਨਾ ਹੋਈ ਤਾਂ ਅਸੀਂ ਜਿੱਥੇ ਬਾਣੀ ਦਾ ਮੌਲਿਕ ਰਾਗਾਂ ਵਿਚ ਕੀਰਤਨ ਸੁਣਨ ਤੋਂ ਸਦਾ ਸਦਾ ਲਈ ਵਾਂਝੇ ਹੋ ਜਾਵਾਂਗੇ ਉਥੇ ਸਿੱਖ ਪੰਥ ਦਾ ਇਕ ਮਹਾਨ ਸਰਮਾਇਆ ਸਾਡੀ ਅਣਗਿਹਲੀ ਕਾਰਨ ਹਮੇਸ਼ਾਂ ਹਮੇਸ਼ਾਂ ਲਈ ਸਾਡੇ ਕੋਲੋਂ ਖੁਸ ਜਾਵੇਗਾ। ਸੰਗੀਤਕ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਾਡੀ ਇਹੋ ਸੱਚੀ ਸ਼ਰਧਾ ਹੋਵੇਗੀ ਕਿ ਅਸੀਂ ਗੁਰਮਤਿ ਸੰਗੀਤ ਦੇ ਰਾਗਾਂ ਦੇ ਮੌਲਿਕ ਸਰੂਪਾਂ ਦੀ ਵਿਵਹਾਰਕ ਪੱਧਰ ਤੇ ਸੁਰੱਖਿਆ, ਸੰਭਾਲ ਤੇ ਪੁਨਰ ਪੇਸ਼ਕਾਰੀ ਸਬੰਧੀ ਸਾਰਥਕ ਯਤਨ ਆਰੰਭੀਏ। ਇਸ ਦਿਸ਼ਾ ਵਿਚ ਗੁਰਮਤਿ ਸੰਗੀਤ ਦੇ ਰਾਗ ਵਿਧਾਨ ਦੀ ਮੌਲਿਕਤਾ ਦਰਸਾਉਂਦੀਆਂ ਵੱਖ ਵੱਖ ਸਰੋਤਾਂ ਤੋਂ ਪ੍ਰਾਪਤ ਕੀਰਤਨ ਰਚਨਾਵਾਂ ਦਾ ਸੰਗ੍ਰਹਿ ਤੇ ਵਿਸ਼ਲੇਸ਼ਣ ਦਾ ਕਾਰਜ ਮਹੱਤਵਪੂਰਣ ਸਿਧ ਹੋਵੇਗਾ।

## ਹਵਾਲੇ

1. 31 ਮੁੱਖ ਰਾਗ ਤੇ 31 ਰਾਗ ਪ੍ਰਕਾਰ।
2. ੧ ਤੋਂ ੪ ਰਹਾਓ ਪ੍ਰਯੋਗ ਕੀਤੇ ਗਏ ਹਨ, ਵੇਖੋ ਗੁਰੂ ਗ੍ਰੰਥ ਸਾਹਿਬ, ਪੰਨਾ ੨੫, ੨੬, ੯੬, ੯੭, ੧੫੪ ਆਦਿ।
3. ਜਿਵੇਂ ਕਿ ਚਉਪਦੇ ਲਈ ੧ ਤੋਂ ੪, ਅਸ਼ਟਪਦੀ ਲਈ ੧ ਤੋਂ ੮ ਅੰਕ ਜੋ ਸਬੰਧਤ ਰਚਨਾ ਦੇ ਕੀਰਤਨ ਹਿਤ ਅੰਤਰਿਆਂ ਦੀ ਗਿਣਤੀ ਦਾ ਸੂਚਕ ਹਨ।

4. ਅਸ਼ਟਪਦੀ ਪਦੇ, ਪੜਤਾਲ, ਸਨਾਤਨੀ ਭਾਵ ਸ਼ਾਸਤਰੀ ਸੰਗੀਤਕ ਅੰਗ ਦੇ ਕੀਰਤਨ ਰੂਪ ਅਤੇ ਵਾਰ, ਛੰਤ, ਅਲਾਹੁਣੀਆਂ, ਘੋੜੀਆਂ ਆਦਿ ਦੇਸੀ ਭਾਵ ਲੋਕ ਸੰਗੀਤਕ ਅੰਗ ਦੇ ਕੀਰਤਨ ਰੂਪ ਹਨ।

5. ਧੁਨੀ, ਜਤੀ, ਘਰੁ, ਸੁਧੰਗ ਆਦਿ ਸੰਕੇਤ ਤੇ ਸਿਰਲੇਖ।

6. ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ (ਭਾਈ ਗੁਰਦਾਸ, ਵਾਰ 1, ਪਉੜੀ 38)।

7. ਕਾਹਨ ਸਿੰਘ ਨਾਭਾ (ਭਾਈ), *ਮਹਾਨ ਕੋਸ਼- ਗੁਰਸ਼ਬਦ ਰਤਨਾਕਰ*, ਭਾਸ਼ਾ ਵਿਭਾਗ, ਪੰਜਾਬ, ਪੰਨਾ 91.

8. *ਸਿੱਖ ਰਹਿਤ ਮਰਿਯਾਦਾ* (ਵੇਖੋ ਸਿਰਲੇਖ ਕੀਰਤਨ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

9. ਸਰਵਣ ਕਰੋ ਦਰਬਾਰ ਸਾਹਿਬ ਤੋਂ ਰੋਜ਼ਾਨਾ ਹੋਣ ਵਾਲਾ ਕੀਰਤਨ।

10-ੳ. ਅਚਾਰੀਆ ਬ੍ਰਹਸਪਤੀ, *ਸੰਗੀਤ ਚਿੰਤਾਮਣੀ*, ਸੰਗੀਤ ਕਾਰਯਾਲਯ ਹਾਥਰਸ, ਯੂ. ਪੀ., 1976, ਪੰਨਾ 80.

10-ਅ. ਸ੍ਰੀ ਪਦ ਬੰਧੋਪਾਧਿਆਇ, *ਸੰਗੀਤ ਭਾਸ਼ਯ*, ਬੀ. ਆਰ. ਪਬਲਿਸ਼ਿੰਗ ਕਾਰਪੋਰੇਸ਼ਨ, 1985, ਦਿੱਲੀ, ਪੰਨਾ 296.

11-ੳ. ਅਵਤਾਰ ਸਿੰਘ ਗੁਰਚਰਨ ਸਿੰਘ (ਭਾਈ), *ਗੁਰਬਾਣੀ ਸੰਗੀਤ ਪ੍ਰਾਚੀਨ ਗੀਤ ਰਤਨਾਵਲੀ*, ਭਾਗ ਪਹਿਲਾ, ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979.

11-ਅ. ਗੁਰਨਾਮ ਸਿੰਘ (ਡਾ.), *ਗੁਰਮਤਿ ਸੰਗੀਤ: ਪ੍ਰਬੰਧ ਤੇ ਪਸਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

11-ੲ. ਗੁਰਨਾਮ ਸਿੰਘ (ਡਾ.), *ਗੁਰ-ਸ਼ਬਦ ਕੀਰਤਨ* (10 ਆਡੀਓ ਕੈਸਟਸ) ਐਚ. ਐਮ. ਵੀ.- ਐਸੀਪੀ. ਐੱਚ. ੳ. 840541 ਤੋਂ 840550 ਆਦਿ।

12. ਗੁਰਨਾਮ ਸਿੰਘ (ਡਾ.) *ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

# ਅਨਹਦ ਬਾਣੀ ਸਹਜ ਧੁਨਾ

ਸੋਹਣ ਸਿੰਘ
3027, ਸੈਕਟਰ 27-ਡੀ
ਚੰਡੀਗੜ੍ਹ

ਸੁੰਨ ਸਮਾਧ ਯਾਂ ਸਿਰਫ ਅਵਸਥਾ ਦੀ ਸਟੇਜ ਸਤੋ, ਰਜੋ, ਤਮੋ ਗੁਣਾਂ ਤੋਂ ਉੱਪਰ ਉਠ ਇਨਸਾਨੀ ਸਰੀਰ ਦੇ ਨੌਂ ਦਰਵਾਜਿਆਂ ਦੀ ਕਰਨੀ ਤੋਂ ਪਰ੍ਹੇ ਹੈ! ਇਸ ਸਟੇਜ ਤੇ ਪਹੁੰਚਣਾ ਕੋਈ ਜੋਰ ਵਾਲੀ ਗੱਲ ਨਹੀਂ ਸਗੋਂ ਕਰੜੀਆਂ ਮਿਹਨਤਾਂ ਘਾਲਨ ਉਪਰੰਤ ਨਿਰੰਕਾਰ ਦੀ ਕਿਰਪਾ ਤੇ ਗੁਰੂ ਦੀ ਸੇਵਾ ਦੁਆਰਾ ਸਚੁ ਆਚਾਰ (ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ) ਅਪਨਾਉਣ ਦੀ ਵਿਧੀ ਨਾਲ ਸਫਲਤਾ ਮਿਲਨ ਦੀ ਕਿਰਨ ਨਜ਼ਰ ਆਉਂਦੀ ਹੈ! ਇਸ ਅਵਸਥਾ ਨੂੰ ਦਸਮ ਦੁਆਰ ਕਿਹਾ ਗਿਆ ਹੈ! ਸਚੁ ਆਚਾਰ ਹਉਮੈ ਦੀ ਨਵਿਰਤੀ ਦਾ ਰਾਹ ਹੈ ਜਿਸ ਨਾਲ ਨਿਰਭੈਤਾ ਤੇ ਨਿਰਵੈਰਤਾ ਦੀਆਂ ਸਿਫਤਾਂ ਜੋ ਕੇਵਲ ਪ੍ਰਭ ਸ਼ਕਤੀ ੧ੳ ਵਿਚ ਯਾਂ ਗੁਰੂ ਸਾਹਿਬਾਂ/ਪੀਰ ਪੈਗੰਬਰਾਂ 'ਚ ਪ੍ਰਕਾਸ਼ਮਾਨ ਹਨ, ਦੀਆਂ ਕਿਰਨਾਂ ਇਨਸਾਨੀ ਸੁਚੀ ਆਤਮਾਵਾਂ ਵਿਚ ਪ੍ਰਵੇਸ਼ ਕਰਦੀਆਂ ਹਨ! ਜੋ ਉਸ ਪ੍ਰਾਨੀ ਨੂੰ ਅਤੀ ਬਲਵਾਨ ਬਣਾ ਦਿੰਦੀਆਂ ਹਨ, ਉਹ ਰਾਜਿਆਂ ਦਾ ਰਾਜਾ ਬਣ ਜਾਂਦਾ ਹੈ ਤੇ ਫਿਰ ਉਹ ਆਪਣੀ ਉੱਨਤੀ ਦੀ ਬਜਾਏ ਸਰਬੱਤ ਦੇ ਭਲੇ ਲਈ ਸੁਨਿਹਰੀ ਅਸੂਲਾਂ (ਸਚੀ ਕਿਰਤ ਕਰਨੀ, ਨਾਮ ਜਪਨਾ, ਰਜ਼ਾ ਚ ਰਹਿਣਾ, ਪ੍ਰਭ ਸ਼ਕਤੀ ਨੂੰ ਹਾਜ਼ਰ ਨਾਜ਼ਰ ਸਮਝਣਾ, ਵੰਡ ਛਕਣਾ, ਮਸਕੀਨ ਦੀ ਸਹਾਇਤਾ ਕਰਨੀ, ਪੰਜ ਦੂਤਾਂ ਤੇ ਕਾਬੂ, ਨਿੰਦਿਆਂ ਚੁਗਲੀ ਤੋਂ ਪ੍ਰਹੇਜ ਆਦਿ) ਨੂੰ ਅਪਨਾਉਂਦਾ ਹੋਇਆ ਵਿਸ਼ਵ ਵਿਚ ਆਪਣੀ ਸ਼ਖਸੀਅਤ ਕਾਇਮ ਕਰਦਾ ਹੈ! ਉਸ ਨੂੰ ਦਸਮ ਦੁਆਰ ਦੀ ਕੁੰਜੀ ਮਿਲ ਜਾਂਦੀ ਹੈ ਜਦੋਂ ਮਰਜੀ ਚੌਂਕੜਾ ਮਾਰ ਦੋ ਚਾਰ ਮਿੰਟਾਂ ਜ ਇਸ ਅਵਸਥਾ ਦਾ ਆਨੰਦ ਮਾਨਣਾ ਅਰੰਭ ਕਰ ਲੈਂਦਾ ਹੈ! ਇਸ ਅਵਸਥਾ ਵਿਚ ਆਪਣੇ ਸ਼ਰੀਰ ਦੀ ਸੁਧ ਬੁਧ ਨਹੀਂ ਰਹਿੰਦੀ! ਮਨ ਕਿਸੇ ਹੋਰ ਮੰਡਲ ਵਿਚ ਪ੍ਰਵੇਸ਼ ਕਰ ਜਾਂਦਾ ਹੈ ਜਿੱਥੇ ਅਨੰਦ ਹੀ ਅਨੰਦ, ਦਿਸਣ ਵਿਚ ਝਿਲਮਿਲ ਅਤੀ ਤੇਜ ਉਜਾਰਾਂ ਪਰੰਤੂ ਸ਼ੀਤਲਤਾ ਭਰਪੂਰ, ਕੰਨਾ ਵਿਚ ਬੇਅੰਤ ਧੁਨੀਆਂ ਜੋ ਮਨ ਨੂੰ ਮਖਮੂਰ ਕਰਦੀਆਂ ਜਾਣ, ਸੁਨਾਈ ਦਿੰਦੀਆਂ ਹਨ ਤੇ ਮਨ ਲਈ ਐਸੀ ਕਸ਼ਿਸ਼ ਪੈਦਾ ਕਰਦੀਆਂ ਹਨ ਕਿ ਇਕ ਬਜ਼ੁਰਗ ਸਰੀਰ ਵੀ 6-7 ਘੰਟੇ ਉਸ ਸਮਾਧ ਅਵਸਥਾ ਵਿਚ ਸੌਖਾ ਗੁਜਾਰ ਲੈਂਦਾ ਹੈ! ਉਹ ਤੇ ਉਸ ਤੋਂ ਉਪਰੰਤ ਵੀ ਸਰੀਰ ਨੂੰ ਹਲਕਾ ਮਹਿਸੂਸ ਕਰਦਾ ਹੈ! ਇਹ ਅਵਸਥਾ ਦਾਸ ਨੂੰ ਭਾਇ ਸਾਹਿਬ ਭਾਈ ਰਘਬੀਰ ਸਿੰਘ ਜੀ ਨੇ ਡਗਸ਼ਾਈ ਵਿਖੇ ਜਦੋਂ ਮੈਂ ਉਹਨਾ ਕੋਲ ਚਾਰ ਕੁ ਦਿਨ ਕੱਟੇ ਸਨ ਆਪਣੀ ਜ਼ਬਨੀ ਆਪਣਾ ਤਜ਼ਰਬਾ ਬਿਆਨ ਕੀਤਾ ਸੀ!

ਪੁਰਾਤਨ ਸਮੇਂ ਜਦੋਂ ਭਰਤ ਰਿਸ਼ੀ ਨੇ ਸੰਗੀਤ ਵਿਦਿਆ ਆਰੰਭ ਕੀਤੀ ਤਾਂ ਉਸ ਪਵਿੱਤਰ ਆਤਮਾ ਨੂੰ ਵੀ ਸਮਾਧੀ ਦੀ ਅਵਸਥਾ ਚ ਪੰਚ ਸਵਾਦਾਂ ਦੀਆਂ ਧੁਨੀਆਂ ਤੇ ਥਾਪਾਂ ਦੇ ਅਲੰਕਾਰ ਦਾ ਗਿਆਨ ਪ੍ਰਾਪਤ ਹੋਇਆ ਹੋਵੇਗਾ! ਕਿਉਂਕਿ ਅਲਾਹੀ ਸੁਰ ਤਾਲ ਦਾ ਗਿਆਨ ਪ੍ਰਮਾਤਮਾ ਵਿਚ ਸੁਰਤ ਜੋੜਨ ਨਾਲ ਹੀ ਪ੍ਰਕਾਸ਼ਮਾਨ ਹੋ ਸਕਦਾ ਹੈ! ਗਿਆਨ ਪ੍ਰਾਪਤੀ ਉਪਰੰਤ ਉਹਨਾਂ ਮਾਤ ਲੋਕ ਚ ਪ੍ਰਾਣੀਆਂ ਦੀ ਪ੍ਰਾਮਤਮਾ ਨਾਲ ਮਨ ਜੋੜਨ ਦਾ ਸੋਖਾ ਉਪਰਾਲਾ ਸੰਗੀਤ ਹੀ ਅਪਨਾਇਆ ਤੇ ਆਪਣੀ ਦਿਬਦ੍ਰਿਸ਼ਟੀ ਨਾਲ ਗਰੰਥਾਂ ਦੀ ਰਚਨਾ ਕੀਤੀ ਤੇ ਨਾਲੇ ਉਹ ਪੰਜ ਸਾਜ਼ ਬਨਾਏ ਜਿਨਾਂ ਦੀਆਂ ਆਵਾਜ਼ਾਂ ਉਸ ਅਲਾਹੀ ਸੁਰ ਤਾਲ ਨਾਲ ਮਿਲਦੀਆਂ ਸਨ! ਇਹ ਪੰਜ਼ ਸ਼ਬਦ ਇਸ ਪ੍ਰਕਾਰ ਗੁਰੂ ਗਰੰਥ ਸਾਹਿਬ ਵਿਚ ਵੀ ਦਰਜ ਹਨ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਛਾਪੇ ਹੋਏ ਸ਼ਬਦਾਰਥ ਦੇ ਪੰਨਾ 1201, ਨੋਟ 6 'ਤੇ ਦਰਜ ਹਨ।

1. ਤੰਤੀ ਅੰਵਾਜਾਂ
2. ਫੂਕ ਰਾਹੀਂ ਆਵਾਜਾਂ
3. ਧਾਤ ਤੇ ਧਾਤ ਦੀ ਆਵਾਜ
4. ਚਮੜੇ ਤੇ ਥਾਪ ਦੀ ਆਵਾਜ
5. ਘੜੇ ਦੀ ਆਵਾਜ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਆਵਾਜਾਂ ਲਈ ਸਾਜਾਂ ਦਾ ਵੇਰਵਾ ਇਸ ਪ੍ਰਕਾਰ ਹੈ!

1. ਤੰਤੀ ਤੋਂ :-

*ਅਹਿਨਸੁ ਅਖੰਡ ਰਹੀ ਜਾਇ।*
*ਤਉ ਅਨਹਦੁ ਬੇਣ ਸਹੇਜ਼ ਮਹਿ ਬਾਇ॥*
(ਪੰਨਾ 344, ਕਬੀਰ ਜੀ)

*ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ।*
*ਨਿਤ ਬਾਜੈ ਅਨਹਤ ਬੀਨਾ॥* (ਪੰਨਾ 622, 5)

*ਐਸੀ ਕ੍ਰਿਗਰੀ ਬਜਾਏ ਜੋਗੀ।*
*ਜਿਤ ਕਿੰਗਰੀ ਅਨਹਦੁ ਵਾਜੈ,*
*ਹਰਿ ਸਿਉ ਰਹੈ ਲਿਵ ਲਾਏ॥* (ਪੰਨਾ 908, 1)

*ਸਿੰਙੀ ਸਬਦ ਸਦਾ ਧੁਨਿ ਸੋਹੈ ਅਹਿਨਿਸ ਪੂਰੇ ਨਾਦੰ।*
(ਪੰਨਾ 361, ਪ: 1)

*ਬੀਣਾ ਸਬਦੁ ਵਜਾਵੈ ਜੋਗੀ ਦਰਸਨ ਰੂਪ ਅਪਾਰਾ।*
*ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕ ਕਹੈ ਵਿਚਾਰਾ॥*
(ਪੰਨਾ 351, ਪ: 1)

*ਖੋਜਤ ਖੋਜਤ ਦੁਆਰੇ ਆਇਆ।*
*ਤਾ ਨਾਨਕ ਜੋਗੀ ਮਹਿਲ ਕਰ ਪਾਇਆ॥*
*ਇਉ ਕਿੰਗਰੀ ਅਨੂਪ ਵਾਜੈ।*
*ਸੁਨਿ ਜੋਗੀ ਕੇ ਮਨ ਮੀਠੀ ਲਾਗੈ॥*
(ਪੰਨਾ 886, ਪ:5)

2. ਫੂਕ ਤੋਂ :-

*ਮਸਤਕਿ ਪਦਮੁ ਦੁਆਲੈ ਮਨੀ।*
*ਮਾਹਿ ਨਿਰੰਜਨੁ ਤ੍ਰਿਭਵਣ ਧਣੀ॥*
*ਪੰਜ ਸਬਦ ਨਿਰਮਾਇਲ ਬਾਜੇ।*
*ਢੁਲਕੇ ਚਵਰ ਸੰਖ ਘਨ ਗਾਜੇ॥* (ਪੰਨਾ 974)
*ਨਨੰਕਾਰ ਨ ਹੋਤਾ ਤਾ ਕਹੁ।*
*ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ॥*
*ਨਿਧਿ ਨਿਧਾਨ ਹਰਿ ਅਮ੍ਰਿਤ ਪੂਰੇ।*
*ਤਹ ਬਾਜੇ ਅਨਹਦ ਤੂਰੇ॥* (ਪੰਨਾ 257, ਪ:5)

2-3. ਫੂਕ ਤੋਂ ਤੇ ਧਾਤ ਦੇ ਧਾਤ ਤੋਂ :-

*ਹਰਿ ਕੀ ਪ੍ਰੇਮ ਭਗਤਿ ਮਨ ਲੀਨਾ।*
*ਨਿਤ ਬਾਜੈ ਅਨਹਤ ਬੀਨਾ॥*
*ਘੁੰਘਰੂ ਵਾਜੈ ਜਾ ਮਨ ਲਾਗੈ।*
(ਪੰਨਾ 356, ਪ:1)

3-4. ਧਾਤ ਦੇ ਧਾਤ ਤੋਂ ਤੇ ਚਮੜੇ ਤੋਂ :-

*ਤੇਰਾ ਜਨੁ ਨਿਰਤ ਕਰੇ ਗੁਨ ਗਾਵੈ।*
*ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਵਜਾਵੈ।*
(ਪੰਨਾਂ 381, ਪ:5)

*ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।*
*ਅਨਹਤਾ ਸਬਦ ਵਾਜੰਤ ਭੇਰੀ॥* (ਪੰਨਾ 13, ਪ:1)
*ਅਣਮੜਿਆ ਮੰਦਲੁ ਬਾਜੈ।*
*ਬਿਨ ਸਾਵਣ ਘਨਹਰੁ ਗਾਜੈ।*
*ਬਾਦਲ ਬਿਨ ਬਰਖਾ ਹੋਈ।*
*ਜਉ ਤਤੁ ਬਚਾਰੇ ਕੋਈ॥* (ਪੰਨਾ 657, ਨਾਮ ਦੇਵਈ)

5. ਘੜੇ ਦੀ ਆਵਾਜ :-

ਇਹ ਪੰਜ ਆਵਾਜਾਂ ਕਢਣ ਲਈ ਅੱਜਕਲ ਅਨੇਕ ਤਰ੍ਹਾਂ ਦੇ ਸਾਜ਼ ਬਣ ਚੁਕੇ ਹਨ ਪਰੰਤੂ ਰਿਸ਼ੀਆਂ, ਗੁਰੂਆਂ ਤੇ ਪੈਗੰਬਰਾਂ ਨੇ ਕੇਵਲ ਥੋੜੇ ਹੀ ਸਾਜ਼ ਅਲਾਹੀ ਕੀਰਤੀ ਲਈ ਅਪਨਾਏ ਹਨ! ਜਿਨਾਂ ਸਾਜ਼ਾਂ ਵਿਚੋਂ ਘੰਮਕ ਪੈਦਾ ਹੁੰਦੀ ਹੈ ਤੇ ਮੰਨ ਨੂੰ ਜਿਆਦਾ ਪ੍ਰੇਰਨਾ ਦਿੰਦੇ ਹਨ, ਉਹ ਹਨ; ਵੀਣਾ, ਰਬਾਬ, ਸਰੰਦਾ, ਸਾਰੰਗੀ, ਦਿਲਰੁਬਾ; ਨਰਸਿੰਗ, ਬੰਸਰੀ (ਮੋਟੀ ਤੇ ਲੰਬੀ) ਸੰਖ, ਤੁਰੀ; ਘੁੰਘਰੂ, ਘੰਟੀਆਂ; ਪਖਾਵਜ, ਮਰਦੰਗ ਭੇਰੀ, ਤਬਲਾ (ਜਿਸ ਦਾ ਇਕ ਪਾਸੇ ਦਾ ਬਲੜਾ ਹਿਸਾ ਮਿਟੀ ਦਾ ਹੋਵੇ) ਤੇ ਘੜਾ।

ਗੁਰੂ ਸਾਹਿਬ ਦੇ ਫੁਰਮਾਨ ਹਨ:

*ਧੁਰ ਕੀ ਬਾਣੀ ਆਈ ਜਿਨ ਸਗਲੀ ਚਿੰਤ, ਮਿਟਾਈ।*
*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।* (ਪੰਨਾ 722, ਪ:1)
*ਹਉ ਅਪਹੁ ਬੋਲ ਨ ਜਾਨਦਾ,*
*ਮੈ ਕਿਹਾ ਸਭੁ ਹੁਕਮਾਉ ਜੀਉ॥* (ਪੰਨਾ 763)
*ਬੋਲੇ ਸਾਹਿਬ ਕੈ ਭਾਵੈ, ਦਾਸੁ ਬਾਣੀ ਬ੍ਰਹਮ ਵਿਖਾਣੈ॥*
(ਪੰਨਾ 629)

ਜੋ ਬਾਣੀ ਸਾਹਿਬਾਂ ਦੇ ਮੁਖਾਰ ਬਿੰਦ ਚੋਂ ਉਚਾਰੀ ਗਈ ਹੈ ਉਸ ਦਾ ਵਿਸ਼ਾ, ਮੰਤਵ ਯਾ ਸੰਕਲਪ ਅਨਹਦ ਸ਼ਬਦ ਦੇ ਧੁਰੇ ਦਸਮ ਦੁਆਰ ਤੋਂ ਹੀ ਲਿਆ ਗਿਆ ਜਾਪਦਾ ਹੈ, ਉਸ ਦੀ ਧੁਨਿ ਵੀ ਉਸੇ ਧੁਰੇ ਚੋਂ ਤੇ ਉਸ ਦੀ ਅਲਾਪਣ ਵਿਧੀ (ਸੁਰਤਾਲ) ਵੀ ਉਸੇ ਧੁਰੇ ਚੋਂ। ਕਿਉਂਕਿ ਦਸਵੇਂ ਦੁਆਰ ਵਿਚ ਅਨਹਦ ਬਾਣੀ ਕੇਵਲ ਸਹਜ ਧੁਨਿ ਹੀ ਦਰਸਾਈ ਗਈ ਹੈ, ਅਖਰਾਂ ਰਾਹੀਂ ਨਹੀਂ:

*ਗੁਰ ਕਾ ਸ਼ਬਦ ਵਸੈ ਮਨਿ ਜਾ ਕੈ।*
*ਦੂਖ ਦਰਦ ਭ੍ਰਮ ਤਾ ਕਾ ਭਾਜੈ॥*
*ਸੂਖ ਸਹਜ ਅਨੰਦ ਨਾਮ ਰਸ,*
*ਅਨਹਦ ਬਾਣੀ ਸਹਜ ਧੁਨਾ।*
*ਮਧੁਰ ਮਧੁਰ ਧੁਨਿ ਅਨਹਦ ਗਾਜੇ॥*
(ਪੰਨਾ 1079, ਪ: 5)

ਇਸ ਤਰ੍ਹਾਂ ਆਸ ਹੈ ਦਸਵੇਂ ਦੁਆਰ ਵਿਚ ਪੰਚ ਸ਼ਬਦਾਂ ਦੀ ਗੁੰਜਾਰ ਵਿਚ ਬੇਅੰਤ ਧੁਨੀਆਂ ਦੀ ਅਲਾਪਣਾ ਹੁੰਦੀ ਹੋਵੇਗੀ ਜੋ ਇਨਸਾਨੀ ਮਨ ਨੂੰ ਅਨੰਦ ਵਿਚ ਮਖਸੂਰ ਕਰ ਦਿੰਦੀ ਹੈ ਤਾਂ ਹੀ ਤਾਂ ਇਨਸਾਨ ਲੰਬੇ ਸਮੇਂ ਤਕ ਸਮਾਧੀ ਵਿਚ ਸਥਿਤ ਬੈਠਾ ਰਹਿੰਦਾ ਹੈ। ਗੁਰੂ ਅਰਜਨ ਸਾਹਿਬ ਨੇ ਗੁਰੂ ਗਰੰਥ ਸਾਹਿਬ ਦੀ ਸਿਰਜਨਾ ਕਰਨ ਸਮੇਂ ਜਦੋਂ ਸਬਦਾਂ ਦਾ ਸੰਗਰਹਿ ਕੀਤਾ (ਜਿਨਾਂ ਨੂੰ ਧੁਰੋਂ ਆਈ ਬਾਣੀ ਦਸਿਆ ਗਿਆ ਹੈ) ਤਾਂ ਉਹਨਾਂ ਨਾਲੋ ਨਾਲ ਗਾਉਨ ਲਈ ਰਾਗ ਸੁਰ ਤਾਲ (ਘਰ) ਦਾ ਵੀ ਫੁਰਮਾਨ ਲੀਤਾ ਦਰਸਾਇਆ ਹੈ ਜਿਥੋਂ ਇਹ ਸਪਸ਼ਟ ਹੁੰਦਾ ਹੈ ਕਿ ਢੁਕਵੇਂ ਸੁਰ ਤਾਲ ਦਾ ਗਿਆਨ ਵੀ ਧੁਰੋਂ ਹੀ ਆਇਆ ਹੈ। ਜੇ ਸਬਦਾਂ ਦੇ ਵਿਸ਼ੇ ਤੇ ਮੰਤਵ ਨੂੰ ਅਸੀਂ ਬੜੇ ਮਾਨ ਤੇ ਸਤਿਕਾਰ ਨਾਲ ਪੜ੍ਹਦੇ ਸੁਣਦੇ ਹਾਂ ਤਾਂ ਤੇ ਉਹਨਾਂ ਦੀ ਦਰਸਾਈ ਵਿਧੀ ਰਾਹੀਂ ਗਾਇਨ ਕਰਨਾ ਵੀ ਉਨਾਂ ਹੀ ਧਾਰਮਿਕਤਾ ਵਜੋਂ ਜਰੂਰੀ ਹੈ ਕਿਉਂਕਿ ਜੇ ਓਹੀ ਸ਼ਬਦ ਦਰਸਾਈ ਵਿਧੀ ਨਾਲ ਗਾਵਿਆ

ਜਾਵੇ ਤਾਂ ਮਨ ਵਿਚ ਅਣਾਹੀ ਖਿਚ ਪੈਣੀ ਸੁਭਾਵਕ ਹੋ ਜਾਂਦੀ ਹੈ। ਗੁਰੂ ਸਾਹਿਬਾਂ ਨੇ ਦਸਵੇਂ ਦੁਆਰ ਵਿਚ ਬੇਅੰਤ ਵਜ ਰਹੀਆਂ ਧੁਨੀਆਂ ਚੋਂ ਰੁਤ ਮੁਤਾਬਿਕ ਤੇ ਵਿਸ਼ੇ ਅਨੁਸਾਰ ਚੁਨ ਚੁਨ ਕੇ 31 ਰਾਗਾਂ ਤੇ 17 ਤਾਲਾਂ ਵਿਚ ਆਪਣੇ ਅਨਮੋਲ ਅੱਖਰ ਜਿਹੜੇ ਸੰਗਤਾਂ ਨੂੰ ਜਿਆਦਾ ਰਹਿਸ ਦੇ ਸਕਦੇ ਸਨ, ਕਲਮ ਬੰਦ ਕੀਤੇ ਜਾਪਦੇ ਹਨ। ਗੁਰੂ ਸਾਹਿਬ ਖੁਦ ਆਪ ਸ਼ਬਦਾਂ ਨੂੰ ਦਰਸਾਏ ਰਾਗਾਂ ਤਾਲਾਂ ਵਿਚ ਗਾਇਨ ਕਰਕੇ ਸੰਗਤਾਂ ਨੂੰ ਪ੍ਰਭਾਵਤ ਕਰਦੇ ਰਹੇ ਸਨ। ਭਾਰਤ ਲਈ ਗੁਰੂਆਂ ਨੇ ਇਕ ਹੀ ਵਿਸ਼ੇ ਤੇ ਕਦੀ ਪੰਜਾਬੀ ਬੋਲੀ ਚ ਕਾਵਿ ਉਚਾਰੀ, ਕਦੀ ਫਾਰਸੀ ਚ, ਕਦੀ ਸੰਸਕ੍ਰਿਤ ਚ ਤੇ ਕਦੀ ਬ੍ਰਿਜ ਭਾਸ਼ਾ ਚ, ਇਹ ਤਾਂ ਸਾਰੀ ਮਹਾਰਾਜ ਦੀ ਕਵਿਤਾ ਪ੍ਰਤੀ ਕਲਪਨਾਨਿਕ ਸ਼ਕਤੀ ਦਾ ਵਿਸ਼ਾਲ ਨਮੂਨਾ ਹੈ।

ਕੀਰਤਨੀ ਗੁਰਮੁਖਾਂ ਨੂੰ ਮਹਾਰਾਜ ਦੇ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਨਾ ਕਰਨੀ ਬਣਦੀ ਹੈ! ਸ਼ਬਦਾਂ ਦੇ ਨਾਲ ਨਾਲ ਦਰਸਾਈ ਸੁਰ ਤਾਲ ਤੇ ਧੁਨਿ ਤੋਂ ਅਵੇਸਲੇ ਹੋਣਾ ਸ਼ੋਭਦਾ ਨਹੀਂ ਕਿਉਂਕਿ ਇਸ ਤਰਾਂ ਪੂਰੇ ਰਹਿਸ ਤੋਂ ਸੰਗਤਾਂ ਨੂੰ ਵਾਂਜਿਆਂ ਰਖਿਆ ਜਾਂਦਾ ਹੈ।

ਗੁਰੂ ਸਾਹਿਬਾਂ ਦਾ ਫੁਰਮਾਨ ਹੈ ਕਿ ਪ੍ਰਮ ਸ਼ਕਤੀ ਦਾ ਕੋਈ ਖਾਸ ਨਾਮ ਨਹੀਂ ਹੈ ਉਹ ਅਨਾਮੇ ਹੈ ਪਰੰਤੂ ਉਸ ਦਾ ਅਰਾਧਨਾ ਅਨੇਕ ਨਾਮਾਂ ਨਾਲ ਕੀਤੀ ਜਾਂਦੀ ਹੈ ਕਿਉਂਕਿ ਪ੍ਰਮ ਸ਼ਕਤੀ ਦੇ ਗੁਣਾਂ ਨੂੰ ਵਿਚਾਰਨਾ ਤੇ ਵਾਹੁ ਵਾਹੁ ਦੀ ਸਟੇਜ ਤੇ ਪਹੁੰਚਨਾ ਹੀ ਉਸ ਦੀ ਭਗਤੀ ਹੈ। ਗੁਣ ਕੇਵਲ ਅਖਰਾਂ ਰਾਹੀਂ ਹੀ ਉਚਾਰੇ ਜਾ ਸਕਦੇ ਹਨ।

*ਅਖਰੀ ਨਾਮੁ ਅਖਰੀ ਸਲਾਹ।*
*ਅਖਰੀ ਗਿਆਨੁ ਗੀਤ ਗੁਣ ਗਾਹ॥*
*ਜਪੁ ਸਭ ਗੁਣ ਤੇਰੇ ਮੈ ਨਾਹੀ ਕੋਇ।*
*ਵਿਣੁ ਗਣੁ ਕੀਤੇ ਭਗਤ ਨ ਹੋਇ॥* (ਪ: 1)

ਪ੍ਰਭੂ ਦੇ ਅਨੇਕ ਨਾਮ ਕੇਵਲ ਕਿਰਤਮ ਨਾਮ ਯਾ ਸਿਰਤੀ ਨਾਮ ਹਨ। ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਉਸ ਪ੍ਰਮ ਸ਼ਕਤੀ ਨੂੰ ਕਈਆਂ ਨਾਮਾਂ ਨਾਲ ਯਾਦ ਕੀਤਾ ਹੈ ਜਿਦਾ ਕਿ ਹਰਿ, ਰਾਮ, ਨਾਰਾਇਨ, ਗੋਬਿੰਦ, ਅਲਾਹ, ਪ੍ਰਮੇਸਰ, ਮੁਰਾਰੀ, ਭਗਵਾਨ, ਮਾਧਵ, ਰੱਬ, ਬਨਵਾਰੀ, ਨਰ ਸਿੰਘ, ਗੋਪਾਲ ਆਦਿ ਪਰੰਤੂ ਸਿਮਰਨ ਲਈ ਹਰਿ ਹਰਿ ਯਾ ਰਾਮ ਰਾਮ ਦਾ ਹੀ ਹੁਕਮ ਕੀਤਾ ਹੈ ਕਿਉਂਕਿ ਇਹਨਾਂ ਨਾਮ ਚ ਜੁੜਨ ਨਾਲ ਹਉਮੈ ਰੋਗ ਕਟਿਆ ਜਾਂਦਾ ਦਰਸਾਇਆ ਹੈ ਤੇ ਉਸ ਪ੍ਰਮ ਸ਼ਕਤੀ ਦੇ ਦਰਸ਼ਨ ਕਰਨ ਚ ਅਤੇ ਉਸ ਸਤਿਨਾਮ ਦੀ ਧੁਨਿ ੧ਓ ਓ ਓ ਓ ਓ ਕਾਰ ਵਿਚ ਸਮਾ ਜਾਨ ਚ ਸਹਾਇਤਾ ਮਿਲਦੀ ਹੈ।

*ਭਾਈ ਰੇ ਗੁਰਮੁਖਿ ਸਦਾ ਪਤਿ ਹੋਵੈ।*
*ਹਰਿ ਹਰਿ ਸਦਾ ਧਿਆਈਐ ਮਲ ਹਉਮੈ ਕਢੈ ਧੋਇ॥*
(ਪੰਨਾ 28, ਪ: 4)

*ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ॥*
*ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ॥*
(ਪੰਨਾ 1313)

*ਅੰਮ੍ਰਿਤ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ,*
*ਅੰਮ੍ਰਿਤ ਗੁਰਮਤਿ ਪਾਏ ਰਾਮ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ,*
*ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ॥* (ਪੰਨਾ 538)

*ਰਾਮ ਨਾਮੁ ਉਰਿ ਮੈ ਗਹਿਓ ਜਾ ਕੈ ਸਮ ਨਹੀ ਕੋਇ।*
*ਜਿਸ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥*
(ਪੰਨਾ 1420)

ਭਗਤਾਂ ਤੋ ਪਤਾ ਲਗਦਾ ਹੈ ਕਿ ਉਸ ਪ੍ਰਮਾਤਮਾ ਦੇ ਦਰਸ਼ਨ ਦਸਵੇਂ ਦੁਆਰ ਚ ਕੇਵਲ ਅਲਾਹੀ ਜਲੋ ਤੇ ਅਲਾਹੀ ਸਤਿਨਾਮ ਦੀ ਧੁਨਿ ੧ਓ ਦੇ ਸਮੇਲ ਰਾਹੀਂ ਹੀ ਹੁੰਦੇ ਹਨ। ਅਲਾਹੀ ਜਲੋ ਕੋਟ ਸੂਰਜਾਂ ਦੀ ਰੋਸ਼ਨੀ ਨਾਲੋਂ ਵੀ ਵਧ ਪਰੰਤੂ ਸ਼ੀਤਲਤਾ ਭਰਿਆ, ਅਲਾਹੀ ਧੁਨਿ ਬੇਅੰਤ ਧੁਨੀਆਂ ਦਾ ਸਮੇਲ ਤੇ ਪੰਚ ਸ਼ਬਦਾਂ ਦੀ ਝਣਕਾਰ ਚ ਸੁਨੀ ਜਾਂਦੀ ਹੈ।

*ਜਹ ਝਿਲਮਿਲ ਕਾਰ ਦਸੰਤਾ।*
*ਤਹ ਅਨਹਦ ਸਬਦ ਬਜੰਤਾ॥*
*ਜੋਤੀ ਜੋਤ ਸਮਾਨੀ। ਮੈ ਗੁਰ ਪ੍ਰਸਾਦੀ ਜਾਨੀ॥*
(ਪੰਨਾ 657, ਨਾਮ ਦੇਵਈ)

ਕਿਉਂਕਿ ਧੁਨਿ ਵਿਚ ਅੱਖਰ ਕੋਈ ਨਹੀਂ ਹੁੰਦਾ ਇਸ ਲਈ ਗੁਰੂ ਸਾਹਿਬਾਂ ਨੇ ਉਸ ਸਹਜ ਧੁਨਿ ਸਤਿਨਾਮ ਨੂੰ ੧ਓਓ ਓਓ..... ਕਾਰ ਜੋ ੴ ਦਾ ਨਿਰੂਪਨ ਸਰੂਪ ਹੈ ਨੂੰ ਹੀ ਪ੍ਰਮ ਸ਼ਕਤੀ ਦੀ ਕੀਰਤੀ ਦਾ ਸਰੂਪ ਦਰਸਾਇਆ ਹੈ। ਜਿਸ ਦੇ ਝਿਲਮਿਲ ਜਲੋ ਦੇ ਦਰਸ਼ਨ ਤੇ ਉਸ ਦੀ ਧੁਨਿ ਚ ਸਮਾ ਜਾਣਾ ਹੀ ਇਨਸਾਨੀ ਜਾਮੇ ਦਾ ਅਸਲੀ ਮਕਸਦ ਹੈ। ੧ਓ ਯਾ ੴ ਕਿਸੇ ਬੋਲੀ ਦੀ ਲਿਪੀ ਚ ਨਹੀਂ ਆਉਂਦਾ ਇਸ ਲਈ ਇਸ ਨੂੰ ਇਕ ਅੱਖਰ ਵਜੋਂ ਸਵੀਕਾਰ ਕਰਨਾ ਠੀਕ ਨਹੀਂ ਹੋਵੇਗਾ, ਇਹ ਤਾਂ ਇਕ ਅਲਾਹੀ ਧੁਨਿ ਦੀ ਚਿੰਨ੍ਹ (Symbol) ਹੈ ਜੋ ਪੂਰੇ ਵਿਸ਼ਵ ਚ ਸਾਰੇ ਜੀਵ ਜੰਤੂ ਲਈ ਸਭਾਏਮਾਨ ਹੈ।

ਗੁਰੂ ਸਾਹਿਬ ਨੇ ਜਪੁ ਜੀ ਸਾਹਿਬ ਦੀਆਂ 8-11 ਪਉੜੀਆਂ ਵਿਚ ਨਾਮ ਦੇ ਸੁਣਨ ਦਾ ਲਾਭ ਦਰਸਾਇਆ ਹੈ ਉਹ ਤਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਪ੍ਰਾਣੀ ਦਸਵੇਂ ਦੁਆਰ ਵਿਚ ਸਤਿਨਾਮ ੧ਓ ਦੀ ਧੁਨਿ ਦਾ ਸੁਣਨ ਕਰੇ, ਉਸ ਵਿਚ ਉਸ ਦਾ ਮਨ ਸਮਾ ਜਾਵੇ ਤਾਂ ਹੀ ਇਹਨਾ ਪਉੜੀਆਂ ਦੀ ਪ੍ਰੋੜਤਾ ਹੋਵੇਗੀ ਕਿ ਕਿਵੇਂ ਪ੍ਰਾਣੀ ਨੂੰ ਪੂਰੀ ਕੁਦਰਤ ਤੇ ਬ੍ਰਹਮੰਡ ਦਾ ਗਿਆਨ ਹੋ ਜਾਂਦਾ ਹੈ ਕਿਦਾਂ ਉਹ

ਸਤਿ, ਸੰਤੋਖ, ਗਿਆਨ, ਰਿਧਿ ਸਿਧਿ ਤੇ ਅਸਗਾਹ/ਅਨਮੋਲ ਸ਼ਕਤੀਆਂ ਪ੍ਰਾਪਤ ਕਰਦਾ ਹੈ। ਬਾਹਰ ਮੁਖੀ ਪਾਠ ਕਰਨ ਨਾਲ ਇਹਨਾਂ ਦਾ ਰਹਿਸ ਅਨੁਭਵ ਕਰਨਾ ਅਸੰਭਵ ਹੈ।

ਗੁਰੂ ਸਾਹਿਬਾਂ ਨੇ ਕਈ ਥਾਵਾਂ ਤੇ ਫੁਰਮਾਨ ਕੀਤਾ ਹੈ ਕਿ ਉਸ ਪ੍ਰਮ ਸ਼ਕਤੀ ਨੂੰ ਕੇਵਲ ਇਕ ਵਾਰੀ ਵੀ ਧਿਆਇਆ ਜਾਵੇ ਤਾਂ ਆਵਾਗਉਨ ਦਾ ਚਕਰ ਖਤਮ ਹੋ ਜਾਂਦਾ ਹੈ।

*ਜੋ ਕਲਿ ਕੋ ਇਕ ਬਾਰ ਧਿਆਏ ਹੈ।*
*ਤਾ ਕੇ ਕਾਲ ਨਿਕਟਿ ਨਹਿ ਐ ਹੈ।*
*ਏਕ ਬਾਰ ਜਿਨ ਤੁਮੈ ਸੰਭਾਰਾ।*
*ਕਾਲ ਫਾਸ ਤੇ ਤਾਹਿ ਉਬਾਰਾ।*
*ਏਕ ਚਿੱਤ ਜਿਹ ਇਕ ਛਿਨ ਧਿਆਇਓ।*
*ਕਾਲ ਫਾਸ ਕੇ ਬੀਚ ਨ ਆਇਓ।*

ਇਹ ਅੰਦਰ ਮੁਖੀ ਹੋ ਕੇ ਧਿਆਉਣ ਬਾਰੇ ਹੀ ਹੋ ਸਕਦਾ ਹੈ, ਜਦੋਂ ਮਨ ਦਸਵੇਂ ਦੁਆਰ ਚ ਪਹੁੰਚ ਕੇ ਉਸ ਸਤਿਨਾਮ ੧ਓਓਓ... ਓਂਕਾਰ ਅਲਾਹੀ ਧੁਨਿ ਨੂੰ ਇਕ ਵਾਰੀ ਸੁਣਦਾ ਹੈ ਤੇ ਅਲਾਹੀ ਜਲੋ ਦੇਖਦਾ ਹੈ ਉਸ ਵਾਤਾਵਰਣ ਚ ਮਨ ਉਸ ਧੁਨਿ ਤੇ ਜਲੋ ਵਿਚ ਸਮਾ ਜਾਂਦਾ ਹੈ ਫਿਰ ਸਮਾਧੀ ਤੋਂ ਉਪਰੰਤ ਵੀ ਉਸ ਸਥਿਤੀ ਤੋਂ ਨਿਖੜਨਾ ਅਸੰਭਵ ਹੁੰਦਾ ਹੈ। ਫਿਰ ਆਵਾਗਉਨ ਦਾ ਚੱਕਰ ਕਿੱਥੇ?

ਆਉ ਉਸ ਦਾਤਾਰ ਦੇ ਚਰਨਾਂ ਚ ਅਰਦਾਸ ਕਰੀਏ ਅਰਜੋਈਆਂ ਕਰੀਏ ਕਿ ਸਾਨੂੰ ਵੀ ਸਚੁ ਆਚਾਰ ਦੀ ਜਿੰਦਗੀ ਬਖਸ਼ੇ ਤੇ ਆਪਣੇ ਝਿਲਮਿਲ ਜਲੋ ਦੇ ਦਰਸ਼ਨ ਤੇ ਅਨਹਦ ਧੁਨਿ ਚ ਮਖਸੂਰ ਕਰ ਦੇਵੇ।

# ਲੋਗਾ ਭਰਮਿ ਨ ਭੂਲਹੁ ਭਾਈ

ਕੁਲਦੀਪ ਸਿੰਘ

ਐਲ ਜੀ ਜੀ-8, ਏਰੀਆ ਹਰੀ ਨਗਰ, ਡੀ ਡੀ ਏ ਫਲੈਟ, ਨਵੀਂ ਦਿੱਲੀ - 64

*ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*ਲੋਗਾ ਭਰਮਿ ਨਾ ਭੂਲਹੁ ਭਾਈ॥*
*ਖਾਲਿਕ ਖਲਕ, ਖਲਕ ਮਹਿ ਖਾਲਿਕ ਪੂਰ ਰਹਿਓ ਸ੍ਰਬ ਠਾਈਂ॥੨॥* (ਰਹਾਉ)
*ਮਾਟੀ ਏਕ ਅਨੇਕ ਭਾਂਤਿ ਕਰਿ,*
*ਸਾਜੀ ਸਾਜਣ ਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ*
*ਨਾ ਕਛੁ ਪੋਚ ਕੁੰਭਾਰੇ॥੨॥*
*ਸਭ ਮਹਿ ਸਚਾ ਏਕੋ ਸੋਈ*
*ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥*
*ਅਲਹੁ ਅਲਖ ਨਾ ਜਾਈ ਲਖਿਆ*
*ਗੁਰਿ ਗੁੜ ਦੀਨਾ ਮੀਠਾ॥* (ਪੰਨਾ ੧੩੪੯-40)
*ਕਹਿ ਕਬੀਰ ਮੇਰੀ ਸੰਕਾ ਨਾਸੀ*
*ਸਰਬ ਨਿਰੰਜਨੁ ਡੀਠਾ॥੪॥੩॥*

ਕਬੀਰ ਜੀ ਫੁਰਮਾਉਂਦੇ ਹਨ ਕਿ ਸੰਸਾਰ ਭਰਮਾਂ ਵਿੱਚ ਫਸਿਆ ਹੋਇਆ ਹੈ, ਇਹ ਨਹੀ ਜਾਣਦਾ ਕਿ ਸਾਰਾ ਸੰਸਾਰ ਈਸ਼ਵਰ ਦੀ ਖੇਡ ਹੈ। ਇਕ ਜੋਤਿ ਤੋਂ ਸਾਰਾ ਸੰਸਾਰ ਪੈਦਾ ਹੋਇਆ ਹੈ। ਹਰ ਜੀਵ ਵਿਚ ਅੱਲਾ ਜਾਂ ਈਸ਼ਵਰ ਦੀ ਜੋਤਿ ਹੈ। ਇਸ ਲਈ ਸਭ ਬੰਦੇ ਬਰਾਬਰ ਹਨ। ਕੋਈ ਭਲਾ ਜਾਂ ਬੁਰਾ ਨਹੀ।

ਲੋਕੋ ਬੇਕਾਰ ਦੇ ਭਰਮਾਂ ਵਿੱਚ ਨਾ ਪਓ। ਆਪ ਧਰਮਾਂ ਦੇ ਬਾਹਰਲੇ ਚਿੰਨ੍ਹਾਂ ਨੂੰ ਹੀ ਧਰਮ ਸਮਝੀ ਬੈਠੇ ਹੋ। ਇਹ ਨਹੀ ਜਾਣਦੇ ਕਿ ਪ੍ਰਭੂ (ਖਾਲਿਕ) ਸ੍ਰਿਸ਼ਟੀ (ਖਲਕ) ਵਿੱਚ ਵੱਸਦਾ ਹੈ। ਉਹ ਪ੍ਰਭੂ ਹਰ ਥਾਂ ਵਿਆਪਕ ਹੈ। ਪ੍ਰਭੂ ਦੀ ਜੋਤ ਕਣ ਕਣ ਵਿੱਚ, ਹਰ ਜੀਵ ਵਿੱਚ, ਹਰ ਪੌਦੇ ਵਿੱਚ, ਹਰ ਪਸ਼ੂ ਵਿੱਚ, ਹਰ ਪੰਛੀ ਤੇ ਕੀੜੇ ਵਿੱਚ ਹੈ। ਇਹ ਸਾਰੀ ਰਚਨਾ ਪ੍ਰਭੂ ਦੀ ਹੈ।

ਸਭ ਜੀਵ ਤੇ ਸਭ ਬੰਦੇ ਇੱਕੋ ਮਿੱਟੀ ਦੇ ਬਣੇ ਹੋਏ ਹਨ। ਇਸ ਵਿੱਚ ਕੋਈ ਵੱਧ ਘੱਟ ਨਹੀ ਕਿਸੇ ਵਿੱਚ ਨੁਕਸ ਨਹੀ ਹੈ। ਜੇ ਬੰਦਾ ਪ੍ਰਭੂ ਦੀ ਰਜ਼ਾ ਜਾਣਦਾ ਹੈ, ਤੇ ਪ੍ਰਭੂ ਦੀ ਹੋਂਦ ਨੂੰ ਜਾਣਦਾ ਹੈ, ਉਹ ਹੀ ਦਰਅਸਲ ਬੰਦਾ ਹੈ।

ਪ੍ਰਭੂ ਸੂਖਮ ਹੈ, ਉਹ ਪੰਜ ਤੱਤ ਤੋਂ ਨਹੀ ਬਣਿਆ ਤੇ ਉਹ ਚਕ੍ਰ ਚਿਹਨ ਅਰੁ ਬਰਨੁ ਜਾਤ ਅਰ ਪਾਤ ਨਹਿਨ ਜਿਹ ਇਸ ਲਈ ਉਹ ਦੇਖਿਆ ਨਹੀ ਜਾ ਸਕਦਾ, ਕੇਵਲ ਅਨੁਭਵ ਹੋ ਸਕਦਾ ਹੈ। ਕਬੀਰ ਜੀ ਫੁਰਮਾਉਂਦੇ ਹਨ ਕਿ ਪਹਿਲਾਂ ਮੈ ਵੀ ਸੰਕਾ ਵਿੱਚ ਸੀ ਪ੍ਰੰਤੂ ਜਦੋਂ ਤੋਂ ਮੈਂ ਨਿਰੰਜਨ ਪ੍ਰਭੂ ਨੂੰ ਦੇਖਿਆ ਹੈ, ਮੇਰੀ ਸੰਕਾ ਦੂਰ ਹੋ ਗਈ ਹੈ।

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਕਿਹੋ ਜਿਹਾ ਹੈ? ਆਸਾ ਦੀ ਵਾਰ ਵਿੱਚ ਪੜ੍ਹੋ:-

*ਸੁਖਮ ਮੂਰਤਿ ਨਾਮੁ ਨਿਰੰਜਨ*
*ਕਾਇਆ ਕਾ ਆਕਾਰ॥*

ਬਹੁਤ ਹੀ ਸੰਖੇਪ ਸ਼ਬਦਾਂ ਵਿੱਚ ਪ੍ਰਭੂ ਦੇ ਨਾਮ ਮੂਰਤ ਤੇ ਆਕਾਰ ਬਾਰੇ ਦਸ ਦਿਤਾ ਹੈ।

ਗੁਰੂ ਨਾਨਕ ਦੇਵ ਜੀ ਵੀ ਫੁਰਮਾਉਂਦੇ ਹਨ:-

*ਸਭ ਮਹਿ ਜੋਤਿ, ਜੋਤਿ ਹੈ ਸੋਈ।*
*ਤਿਸਦੇ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰਸਾਖੀ ਜੋਤਿ ਪਰਗਟੁ ਹੋਇ।*
*ਜੋ ਤਿਸ ਭਾਵੈ ਸੁ ਆਰਤੀ ਹੋਇ॥*

ਇਹ ਤੁਕਾਂ 'ਆਰਤੀ' ਵਿੱਚ ਦਰਜ ਹਨ।

ਗੁਰੂ ਜੀ ਵੀ ਭਰਮ ਦੂਰ ਕਰਨ ਦਾ ਯਤਨ ਕਰ ਰਹੇ ਹਨ। ਜੋ ਜੋਤਿ ਹਰ ਜੀਵ ਵਿੱਚ ਪ੍ਰਕਾਸ਼ਮਾਨ ਹੈ, ਉਹ ਪ੍ਰਭੂ ਦੀ ਜੋਤਿ ਹੈ। ਇਸੇ ਈਸ਼ਵਰੀ ਜੋਤਿ ਦੇ ਪ੍ਰਕਾਸ਼ ਨਾਲ ਸਾਰੇ ਸਰੀਰਾਂ ਵਿੱਚ ਪ੍ਰਕਾਸ਼ ਹੁੰਦਾ ਹੈ ਤੇ ਜਦੋਂ ਉਹ ਜੋਤ ਸਰੀਰ ਛੱਡ ਜਾਂਦੀ ਹੈ ਤਾਂ ਉਹ ਸਰੀਰ ਮਿੱਟੀ ਦਾ ਢੇਰ ਰਹਿ ਜਾਂਦਾ ਹੈ। ਇਹ ਭੇਦ ਸਤਿਗੁਰੂ ਦੀ ਕ੍ਰਿਪਾ ਦੁਆਰਾ ਹੁੰਦਾ ਹੈ।

ਇੱਕ ਹੋਰ ਥਾਂ ਆਸਾ ਦੀ ਵਾਰ ਵਿੱਚ ਸਲੋਕ ਮਹਲਾ ਪਹਿਲਾ ਦੁਖ ਦਾਰੂ ਸੁਖੁ ਰੋਗ ਭਇਆ ਵਾਲੇ ਸਲੋਕ ਵਿੱਚ ਗੁਰੂ ਜੀ ਫੁਰਮਾਉਂਦੇ ਹਨ:-

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ।*
*ਅਕਲ ਕਲਾ ਭਰਪੂਰ ਰਹਿਆ॥*

ਮਨੁੱਖ ਦੀ ਹਰ ਜਾਤਿ ਤੇ ਜੀਵ ਦੀ ਹਰ ਜਾਤਿ ਵਿੱਚ ਪ੍ਰਭੂ ਵਿਆਪਕ ਹੈ। ਪ੍ਰੰਤੂ ਉਸ ਜੋਤਿ ਵਿੱਚ ਹੁੰਦੇ ਹੋਏ ਵੀ ਬਿਲਕੁਲ ਅਕੇਲਾ ਤੇ ਸਰਬ ਵਿਆਪਕ ਹੈ ਉਸਦੀ ਵੱਖਰੀ ਹਸਤੀ ਵੀ ਹੈ।

ਸੂਰਜ ਸਾਰੇ ਸੰਸਾਰ ਨੂੰ ਪ੍ਰਕਾਸ਼ ਤੇ ਗਰਮੀ ਦਿੰਦਾ ਹੈ। ਉਸ ਦੀਆਂ ਕਿਰਨਾਂ ਸਾਰੇ ਸੰਸਾਰ ਵਿੱਚ ਪੁੱਜਦੀਆਂ ਹਨ ਪ੍ਰੰਤੂ ਉਸਦੀ ਆਪਣੀ ਨਵੇਕਲੀ ਹਸਤੀ ਹੈ, ਭਾਵੇਂ ਕਿਰਨਾਂ ਵੀ ਸੂਰਜ ਦੀਆਂ ਹਨ ਪ੍ਰੰਤੂ ਕਿਰਨਾਂ ਨੂੰ ਕੋਈ ਸੂਰਜ ਨਹੀ ਕਹਿ

ਸਕਦਾ। **ਕਿਰਨਾਂ ਦੀ ਆਪਣੀ ਹਸਤੀ ਹੀ ਕੋਈ ਨਹੀ, ਜੇ ਸੂਰਜ ਨਿਕਲੇ ਤਾਂ ਕਿਰਨਾਂ ਆਉਂਦੀਆਂ ਹਨ ਇਸੇ ਪ੍ਰਕਾਰ ਆਤਮਾ ਪ੍ਰਮਾਤਮਾ ਦੀ ਹੀ ਜੋਤਿ ਹੈ ਪ੍ਰੰਤੂ ਆਤਮਾ ਪ੍ਰਮਾਤਮਾ ਦੇ ਬਰਾਬਰ ਨਹੀ ਹੋ ਸਕਦੀ ਕਿਉਂਕਿ ਉਸਦੀ ਆਪਣੀ ਹਸਤੀ ਹੀ ਕੋਈ ਨਹੀ।**

ਇਹ ਆਤਮਾ ਅਮਰ ਹੈ, ਇਹ ਨਹੀ ਮਰਦੀ, ਇਹ ਸਰੀਰ ਬਦਲਦੀ ਹੈ। ਪ੍ਰਮਾਤਮਾ ਹਰ ਥਾਂ ਮੌਜੂਦ ਹੈ ਜਿਵੇਂ ਹਵਾ ਹਰ ਥਾਂ ਮੌਜੂਦ ਹੈ ਪ੍ਰੰਤੂ ਹਵਾ ਦਿਖਾਈ ਨਹੀ ਦਿੰਦੀ, ਕੇਵਲ ਅਨੁਭਵ ਕੀਤੀ ਜਾਂਦੀ ਹੈ ਇਸੇ ਪ੍ਰਕਾਰ ਪ੍ਰਭੂ ਹਰ ਥਾਂ ਮੌਜੂਦ ਹੈ ਪ੍ਰੰਤੂ ਦਿਖਾਈ ਨਹੀ ਦਿੰਦਾ।

ਪ੍ਰਮਾਤਮਾ ਦੀ ਜੋਤ ਹਰ ਜੀਵ ਵਿੱਚ ਪ੍ਰਕਾਸ਼ਮਾਨ ਹੈ। ਪ੍ਰਭੂ ਸਭ ਨੂੰ ਭੋਜਨ ਦਿੰਦਾ ਹੈ, ਸਭ ਦੀ ਪਾਲਨਾ ਕਰਦਾ ਹੈ ਤੇ ਸਭ ਨੂੰ ਪੈਦਾ ਕਰਦਾ ਹੈ ਫਿਰ ਸਭ ਨੂੰ ਨਾਸ ਵੀ ਕਰਦਾ ਹੈ।

ਉਹ ਆਪ ਹੀ ਸੁਖ ਦਿੰਦਾ ਹੈ ਤੇ ਆਪ ਹੀ ਦੁਖ ਦਿੰਦਾ ਹੈ। ਜਦੋਂ ਕੋਈ ਬੰਦਾ ਪ੍ਰਭੂ ਦਾ ਨਾਮ ਭੁੱਲ ਜਾਂਦਾ ਹੈ, ਤਾਂ ਉਸਨੂੰ ਹਰ ਪ੍ਰਕਾਰ ਦੇ ਦੁਖ ਘੇਰ ਲੈਂਦੇ ਹਨ। ਉਹ ਆਪ ਹੀ ਰੋਗੀ ਦਾ ਇਲਾਜ ਵੀ ਕਰਦਾ ਹੈ ਤੇ ਅਰੋਗ ਵੀ ਕਰ ਦਿੰਦਾ ਹੈ ਇਹ ਉਸਦੀ ਅਲੌਕਿਕ ਖੇਡ ਹੈ।

ਇਸ ਸ੍ਰਿਸ਼ਟੀ ਵਿੱਚ ਕੇਵਲ ਮਨੁੱਖ ਹੀ ਅਜਿਹਾ ਜੀਵ ਹੈ ਜੋ ਮਨ ਬਚਨ ਤੇ ਕਰਮ ਕਰਕੇ ਸੁਤੰਤਰ ਹੈ ਬਾਕੀ ਜੀਵ ਆਪਣੀਆਂ ਪਰਿਵਰਤੀਆਂ ਅਨੁਸਾਰ ਕਰਮ ਕਰਦੇ ਹਨ। ਉਨ੍ਹਾਂ ਵਿੱਚ ਵੀ ਬੁੱਧੀ ਹੈ ਉਹ ਵੀ ਪਿਆਰ ਤੇ ਨਫਰਤ ਸਮਝਦੇ ਹਨ।

ਪਿਆਰ ਹੀ ਇੱਕ ਅਜਿਹਾ ਜਜਬਾ ਹੈ ਜਿਸਨੂੰ ਸਾਰਾ ਸੰਸਾਰ ਸਮਝਦਾ ਹੈ। ਪਿਆਰ ਹੀ ਇਕ ਅਜਿਹੀ ਬੋਲੀ ਹੈ, ਜੋ ਹਰ ਇਨਸਾਨ ਭਾਵੇਂ ਅੰਗਰੇਜ਼ ਫਰਾਂਸੀਸੀ ਜਾਂ ਜਾਪਾਨੀ ਹੋਵੇ, ਸਭ ਸਮਝ ਸਕਦੇ ਹਨ। ਇਥੋਂ ਤਕ ਕਿ ਪਸ਼ੂ ਪੰਛੀ, ਕੀੜੇ ਮਕੌੜੇ ਤੇ ਪਤੰਗੇ ਵੀ ਪਿਆਰ ਦੇ ਜਜਬੇ ਨੂੰ ਸਮਝਦੇ ਹਨ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂ ਦੀ ਪ੍ਰਾਪਤੀ ਲਈ ਵੀ ਪ੍ਰੇਮ ਮਾਰਗ ਅਪਨਾਉਣ ਦੀ ਹਦਾਇਤ ਕੀਤੀ ਹੈ:-

*ਸਾਚ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ॥*
*ਤਿਨ ਹੀ ਪ੍ਰਭੁ ਪਾਇਓ॥*

ਸੁਧਾ ਸਵੈਯਾਂ ਪਾਤਸਾਹੀ ੨੦

ਪ੍ਰਭੂ ਨਾਲ ਪਿਆਰ ਕਰੋ ਤੇ ਪ੍ਰਭੂ ਦੀ ਪੈਦਾ ਕੀਤੀ ਇਸ ਖ਼ਲਕਤ ਨਾਲ ਵੀ ਪਿਆਰ ਕਰੋ। ਕੋਈ ਧਰਮ ਘਿਰਨਾ ਨਹੀ ਸਿਖਾਂਦਾ।

ਸਭ ਜੀਵ ਪ੍ਰਭੂ ਦੀ ਸੰਤਾਨ ਹਨ। ਗੁਰਬਾਣੀ ਵਿੱਚ ਫਰਮਾਇਆ ਹੈ *ਏਕ ਪਿਤਾ ਏਕਸ ਕੇ ਹਮ ਬਾਰਿਕ॥* ਗੁਰੂ ਨਾਨਕ ਦੇਵ ਜੀ ਜਪ ਸਾਹਿਬ ਵਿੱਚ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੁਆਇਆ ਕਿ:-

*ਮਤਿ ਵਿੱਚ ਰਤਨ ਜਵਾਹਰ ਮਾਣਿਕ*
*ਜੇ ਇਕ ਗੁਰ ਕੀ ਸਿੱਖ ਸੁਣੀ॥*
*ਗੁਰਾ ਇਕ ਦੇਹ ਬੁਝਾਈ॥*
*ਸਭਨਾ ਜੀਆ ਕਾ ਇਕ ਦਾਤਾ,*
*ਸੋ ਮੈ ਵਿਸਰਿ ਨ ਜਾਈ॥*

ਸਾਰੇ ਜੀਵਾਂ ਦਾ ਦਾਤਾ ਵੀ ਇਕ ਹੈ ਤੇ ਪਿਤਾ ਵੀ ਇਕ ਹੈ ਫਿਰ ਭੇਦ-ਭਾਵ ਕਿਉਂ? ਸਭ ਮਨੁੱਖ ਬਰਾਬਰ ਹਨ, ਕੋਈ ਛੋਟਾ ਨਹੀ ਕੋਈ ਵੱਡਾ ਨਹੀ ਤੇ ਸਭ ਦੀ ਜਾਤਿ ਇਕ ਹੈ:-

***ਕੋਊ ਮੁੰਡੀਆ ਸੰਨਿਆਸੀ, ਕੋਈ ਜੋਗਹ ਭਇਓ,***
***ਕੋਈ ਬ੍ਰਹਮਚਾਰੀ, ਕੋਊ ਜੱਤੀ ਅਨੁਮਾਨਬੋ॥***
***ਹਿੰਦੂ ਤੁਰਕ ਕਊ, ਗ਼ਫਜੀ ਇਮਾਮ ਸਾਫ਼ੀ,***
***ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ॥***
***ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,***
***ਦੂਸਰੋ ਨਾ ਭੇਦ ਕੋਈ, ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ, ਸਬੈ ਏਕੈ ਜੋਤ ਮਾਨਬੋ॥੧੫॥੮੫॥***

ਅਕਾਲ ਉਸਤਤ ਵਿਚੋਂ

ਸਾਰੇ ਧਰਮਾਂ ਦੇ ਬੁਨਿਆਦੀ ਅਸੂਲ ਤੇ ਸਿਧਾਂਤ ਇਕੋ ਜਿਹੇ ਹਨ। ਸਾਰੇ ਧਰਮਾਂ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਸਾਰੇ ਧਰਮ ਸਚਾਈ ਈਮਾਨਦਾਰੀ, ਦਇਆ ਅਹਿੰਸਾ, ਸੇਵਾ ਤਿਆਗ ਕੁਰਬਾਨੀ, ਤਿਆਗ ਸਬਰ ਸ਼ੁਕਰ ਪਰਉਪਕਾਰ ਨਿਮ੍ਰਤਾ ਤੇ ਹਮਦਰਦੀ ਵਰਗੇ ਚੰਗੇ ਗੁਣ ਮੰਨਦੇ ਹਨ। ਸਾਰੇ ਧਰਮ ਪਰਸਪਰ ਪਿਆਰ ਤੇ ਹਮਦਰਦੀ ਸਿਖਾਂਦੇ ਹਨ।

ਸਾਰੇ ਧਰਮ ਆਵਾਗਵਣ ਤੇ ਕਰਮ ਫਿਲਾਸਫੀ ਮੰਨਦੇ ਹਨ। Edwin Arnold ਨੇ Light of Asia ਵਿੱਚ ਮਹਾਤਮਾ ਬੁੱਧ ਦੇ ਜੀਵਨ ਤੇ ਉਪਦੇਸ਼ਾਂ ਦਾ ਵਰਣਨ ਕੀਤਾ ਹੈ।

ਮਹਾਤਮਾ ਬੁੱਧ ਕਹਿੰਦੇ ਸਨ:-

ਪ੍ਰਮਾਤਮਾ ਦੁੱਖਾਂ ਦਾ ਘਰ ਹੈ ਸਾਰੇ ਦੁੱਖਾਂ ਦਾ ਮੂਲ ਕਾਰਨ Attachment ਤੇ ਤ੍ਰਿਸ਼ਨਾ ਹੈ। ਉਹ ਇਸਦਾ ਹਲ ਤਿਆਗ ਵਿੱਚ ਮੰਨਦੇ ਸਨ ਤੇ 'ਅਸਟ ਮਾਰਗ' ਉਘੇ ਚੱਲਣ ਤੇ ਸੱਤ ਤੇ ਅਹਿੰਸਾ ਦੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ ਹੈ।

ਬਾਈਬਲ ਵਿੱਚ ਵੀ ਸੱਚਾਈ, ਈਮਾਨਦਾਰੀ, ਸੇਵਾ, ਹਮਦਰਦੀ, ਦਇਆ ਤੇ ਸਾਂਤੀ ਉਤੇ ਜੋਰ ਦਿੱਤਾ ਗਿਆ ਹੈ।

ਮੈ ਨੇ ਖੁਦ Mathew Arnold ਦਾ ਬਾਈਬਲ ਪੜ੍ਹਿਆ ਹੈ। ਬਾਈਬਲ ਵਿੱਚ ਇੱਕ Candle Stick ਵਾਰਤਾ ਹੈ ਉਸ ਵਿਚ ਪਾਦਰੀ ਨੇ ਦੱਸਿਆ ਕਿ Human body is a temple of God ਇਹ ਸਰੀਰ ਇੱਕ ਮੰਦਰ ਹੈ And the service of Mankund is a service of God ਮਾਨਵਤਾ ਦੀ ਸੇਵਾ ਹੀ ਪ੍ਰਭੂ ਦੀ ਸੇਵਾ ਹੈ ਤੇ ਉਸ ਵਿੱਚ Abu Bin Adam ਦੀ ਵਾਰਤਾ ਹੈ ਜੋ ਪ੍ਰਭੂ ਦਾ ਨਾਮ ਨਹੀ ਜੱਪਦਾ ਸੀ ਪ੍ਰੰਤੂ ਮਾਨਵਤਾ ਦੀ ਸੇਵਾ ਕਰਦਾ ਸੀ ਸੁਪਨੇ ਵਿੱਚ Angel ਦੇਵਤਾ ਉਸਦੇ ਕਮਰੇ ਵਿੱਚ ਆਏ ਤੇ ਬੋਲੇ Abu ਤੇਰੀ ਸੇਵਾ ਕਬੂਲ ਹੋ ਗਈ ਤੇ ਤੇਰਾ ਨਾਮ ਪ੍ਰਭੂ ਦੇ ਸੇਵਕਾਂ ਵਿੱਚ ਸਭ ਤੋਂ ਪਹਿਲਾ ਹੈ।

ਭਗਵਤ ਗੀਤਾ ਵਿੱਚ ਅਰਜਨ ਨੂੰ ਉਪਦੇਸ਼ ਦਿੰਦੇ ਹੋਏ ਕ੍ਰਿਸ਼ਨ ਭਗਵਾਨ ਨੇ ਕਿਹਾ:-

"ਧਰਮ ਦੀ ਸਥਾਪਨਾ, ਸਮਾਜ ਦੀ ਵਿਵਸਥਾ ਨੂੰ ਠੀਕ ਰੱਖਣ ਲਈ ਕੀਤੀ ਗਈ ਸੀ।"

(ਬਿਰਲਾ ਮੰਦਰ ਵਿਚ ਲਿਖਤ ਮੌਜੂਦ ਹੈ)

ਤੇ ਤੁਲਸੀ ਦਾਸ ਜੀ ਨੇ ਰਾਮਾਇਣ ਵਿੱਚ ਕਿਹਾ ਹੈ:-

*ਦਇਆ ਧਰਮ ਕਾ ਮੂਲ ਹੈ। ਪਾਪ ਮੂਲ ਅਭਿਮਾਨ॥*
*ਤੁਲਸੀ ਦਇਆ ਨਾ ਛੋਡੀਐ।*
*ਜਬ ਲਗ ਘੱਟ ਮਹਿ ਪਰਾਣ॥*
*ਤੁਲਸੀ ਇਸ ਸੰਸਾਰ ਮੇਂ ਕਰ ਲੀਜੈ ਦੋ ਕਾਮ॥*
*ਦੇਨੇ ਕੋ ਟੁਕੜਾ ਭੱਲਾ ਲੇਨੇ ਕੋ ਹਰਿਨਾਮ॥*

ਸੇਖ ਸਾਅਦੀ ਨੇ 'ਗੁਲਿਸਤਾਨ' ਵਿੱਚ ਹਕਾਇਤਾਂ ਲਿਖੀਆਂ ਹਨ ਉਨ੍ਹਾਂ ਵਿੱਚ ਵੀ ਭੁੱਖੇ ਨੂੰ ਰੋਟੀ ਦੇਣਾ, ਪੇੜ ਲਗਾਣਾ, ਦੋਸਤੀ ਪਾਲਣਾ, ਬਾਂਟਕਰ ਖਾਣਾ, ਦਿਖਾਵਾ ਨਾ ਕਰਨਾ, ਆਪਣੀ ਜਾਨ ਦੇ ਕੇ ਦੂਸਰਿਆਂ ਦੀ ਜਾਨ ਬਚਾਣੀ, ਸੇਵਾ ਕਰਨਾ ਆਦਿ ਦੱਸਿਆ ਹੈ। ਮੁਸਲਮਾਨ ਬੋਲਦਾ ਹੈ ਅੱਲਾ ਹੂ ਅਕਬਰ ਇਸਦਾ ਅਰਥ ਹੈ ਕਿ ਅੱਲਾ ਪ੍ਰਮਾਤਮਾ ਸਭ ਤੋਂ ਉੱਚਾ ਹੈ। ਅਨ ਸਾ ਅੱਲਾ ਬੋਲਦਾ ਹੈ ਉਸਦਾ ਅਰਥ ਹੈ ਕਿ ਜੇ ਪ੍ਰਭੂ ਦੀ ਕ੍ਰਿਪਾ ਹੋਈ। ਰੋਟੀ ਖਾਂਦੇ ਸਮੇਂ ਬੋਲਦਾ ਹੈ:-ਅੱਲਾ ਤੇਰਾ ਸ਼ੁਕਰ ਹੈ।

ਇਹ ਸਾਰੇ ਧਰਮ ਉੱਚੇ ਹਨ। ਸਭ ਧਰਮਾਂ ਦੀਆਂ ਰਸਮਾਂ ਰਵਾਇਤਾਂ, ਪੂਜਾ ਦੇ ਢੰਗ, ਵੱਖ ਵੱਖ ਹਨ ਪ੍ਰੰਤੂ ਮੂਲ ਸਿਧਾਂਤ ਇੱਕ ਜੈਸੇ ਹਨ।

ਜੇ ਇਹ ਗਲ ਸਭ ਭਾਰਤ ਵਾਸੀਆਂ ਨੂੰ ਸਮਝ ਆ ਜਾਵੇ ਤਾਂ ਧਰਮ ਦੇ ਨਾਂ ਤੇ ਖ਼ੂਨ-ਖਰਾਬੇ, ਦੰਗੇ ਫਸਾਦ ਤੇ ਇਹ ਅੱਗਾਂ ਆਉਣੀਆਂ ਤੇ ਕਤਲੇਆਮ ਬੰਦ ਹੋ ਜਾਣ। ਇਹ ਸਭ ਆਗਿਆਨਤਾ ਕਰਕੇ ਹੋ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਤਿੰਨ ਦਿਨ ਵੇਂਈ ਨਦੀ ਵਿੱਚ ਅਲੋਪ ਰਹੇ ਤੇ ਜਦੋਂ ਪ੍ਰਗਟ ਹੋਏ ਤਾਂ ਬੋਲ ਰਹੇ ਸਨ:-

"ਨਾ ਕੋਈ ਹਿੰਦੂ, ਨਾ ਮੁਸਲਮਾਨ"

ਬਾਬਾ ਜੀ ਤੋਂ ਪੁੱਛਿਆ ਗਿਆ ਤਾਂ ਆਪ ਜੀ ਨੇ ਫ਼ੁਰਮਾਇਆ ਕਿ ਪ੍ਰਭੂ ਦੀ ਦਰਗਾਹ ਵਿੱਚ ਕੋਈ ਜਾਤ ਜਾ ਧਰਮ ਨਹੀ ਪੁੱਛਦਾ ਉਥੇ ਧਰਮ ਤੇ ਨਿਬੇੜਾ ਹੁੰਦਾ ਹੈ।

ਸਲੋਕ

*ਪਵਣ ਗੁਰੂ, ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸ ਰਾਤਿ ਦੁਇ ਦਾਈ ਦਾਇਆ,*
*ਖੇਲੈ ਸਗਲ ਜਗਤੁ॥*
*ਚੰਗਿਆਈਆ ਬੁਰਿਆਈਆ ਵਾਚੈ ਧਰਮ ਹਦੂਰਿ॥*
*ਕਰਮੀ ਆਪੋ ਆਪਣੀ ਕੇ ਨੇੜੇ ਕੇ ਦੂਰਿ॥*
*ਜਿਨੀ ਨਾਮ ਧਿਆਇਆ ਗਏ ਮੁਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥*

# ਸਿੱਖ ਧਰਮ ਵਿਚ ਅਰਦਾਸ ਦੀ ਮਹਾਨਤਾ

ਡਾ. ਗੁਰਚਰਨ ਸਿੰਘ
ਸਹਾਰਨਪੁਰ

ਸਿੱਖ ਧਰਮ ਵਿਚ ਪ੍ਰਭੂ ਪ੍ਰਾਪਤੀ ਦੇ ਸਾਧਨਾ ਵਿਚ ਅਰਦਾਸ ਦੀ ਵਿਸ਼ੇਸ਼ ਮਹਾਨਤਾ ਹੈ! ਅਰਦਾਸ ਸ਼ਬਦ ਫ਼ਾਰਸੀ ਸ਼ਬਦ ਅਰਜ਼+ਦਾਸਤ ਤੋਂ ਬਣਿਆ ਹੈ। ਅਰਜ਼ ਦਾ ਅਰਥ ਹੈ ਅਰਜ਼ੀ-ਬੇਨਤੀ ਅਤੇ ਦਾਸਤ ਦਾ ਅਰਥ ਹੈ ਰੱਖਣਾ ਜਾਂ ਪੇਸ਼ ਕਰਨਾ। ਇਸ ਤਰ੍ਹਾਂ ਅਰਦਾਸ ਦਾ ਅਰਥ ਹੋਇਆ ਅਰਜ਼ ਕਰਨੀ ਜਾਂ ਬੇਨਤੀ ਕਰਨੀ। ਭਾਸ਼ਾਈ ਤਬਦੀਲੀ ਅਨੁਸਾਰ ਸਮੇਂ ਨਾਲੇ 'ਅਰਜ਼ ਦਾਸਤ' ਸ਼ਬਦ 'ਅਰਦਾਸ' ਹੀ ਬਣ ਗਿਆ। ਇਹ ਸ਼ਬਦ ਹੁਣ ਪੰਜਾਬੀ ਬੋਲੀ ਵਿਚ ਇਸ ਤਰ੍ਹਾਂ ਘੁਲਮਿਲ ਚੁੱਕਾ ਹੈ ਜਿਵੇਂ ਕਿ ਇਸ ਬੋਲੀ ਦਾ ਆਪਣਾ ਹੀ ਸ਼ਬਦ ਹੋਵੇ। ਭਾਈ ਕਾਨ੍ਹ ਸਿੰਘ ਜੀ ਨੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਅਰਦਾਸ ਦੇ ਅਰਥ ਮੁਰਾਦ ਮੰਗਣ ਦੀ ਕਿਰਿਆ ਜਾਂ ਅਰਜ਼ ਦਾਸ਼ਤ, ਸੰਗਯ-ਪ੍ਰਾਰਥਨਾ, ਬੇਨਤੀ, ਵਿਨਯ ਦੱਸਿਆ ਹੈ। ਅਰਦਾਸ ਦੇ ਸਮਾਨਾਂਤਰ ਅੰਗਰੇਜ਼ੀ ਵਿਚ ਸ਼ਬਦ 'Prayer' ਹੈ।

ਸਿੱਖ ਧਰਮ ਵਿਚ ਅਰਦਾਸ ਦੀ ਇਕ ਖਾਸ ਅਹਿਮੀਅਤ ਹੈ। ਸਾਰੀਆਂ ਰੀਤਾਂ ਦੀ ਥਾਵੇਂ ਸਿੱਖ ਲਈ ਇਕ ਅਰਦਾਸ ਕਾਫ਼ੀ ਹੈ। ਸਾਰੇ ਪਰਮਾਰਥਕ ਸਾਧਨਾਂ ਦੀ ਜਗ੍ਹਾ ਇਕ ਲਗਾਤਾਰ ਅਰਦਾਸ ਹੀ ਲੋੜੀਂਦੀ ਵਸਤੂ ਹੈ। ਅਰਦਾਸ ਦੀ ਜ਼ਰੂਰਤ ਹਰ ਸੰਸਕਾਰਕ ਮੌਕੇ ਉਪਰ ਹੈ। ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਜੰਗ ਵੇਲੇ ਕੋਈ ਅਵਸਰ ਨਹੀਂ ਜੋ ਸਿੱਖ ਕਦੀ ਬਿਨਾ ਅਰਦਾਸ ਹੋਵੇ। ਮਨੁੱਖ ਦੀ ਸਾਰੀ ਸਰੀਰਕ ਆਤਮਿਕ ਤੇ ਮਾਨਸਿਕ ਪ੍ਰਫੁੱਲਤਾ ਅਰਦਾਸ ਦੇ ਸਹਾਰੇ ਹੀ ਕਾਇਮ ਰਹਿੰਦੀ ਹੈ। ਇਸ ਤਰ੍ਹਾਂ ਅਰਦਾਸ ਪਰਮਾਰਥ ਦੇ ਰਾਹ ਵਿਚ ਅਕਾਲਪੁਰਖ ਨਾਲ ਸੰਬੰਧ ਜੋੜਨ ਅਤੇ ਅਕਾਲ ਪੁਰਖ ਦੇ ਦਰਸਾਏ ਸੱਚੇ ਮਾਰਗ ਤੇ ਤੁਰਨ ਦੀ ਅਗਵਾਈ ਲੈਣ ਦਾ ਸਭ ਤੋਂ ਵਧੀਆ ਹੀਲਾ ਤੇ ਵਸੀਲਾ ਹੈ।

ਸਿੱਖ ਧਰਮ ਦੀ ਧਾਰਣਾ ਹੈ ਕਿ ਅਕਾਲ ਪੁਰਖ ਕ੍ਰਿਪਾਲੂ ਹੈ ਅਤੇ ਹਰੇਕ ਦੀ ਰੱਖਿਆ ਕਰਦਾ ਹੈ ਜਿਸਨੂੰ ਉਸ ਨੇ ਜੀਵਨ ਦਿੱਤਾ ਹੈ। ਇਕ ਵਿਅਕਤੀ ਨੂੰ ਉਸ ਪ੍ਰਭੂ ਦੀ ਕਿਰਪਾ ਦੀ ਯਾਚਨਾ ਕਰਨੀ ਚਾਹੀਦੀ ਹੈ ਅਤੇ ਅਰਦਾਸ ਹੀ ਵਸੀਲਾ ਹੈ, ਜੋ ਉਸਨੂੰ ਚੰਗੇ ਕਰਮਾਂ ਅਤੇ ਅੰਦਰਲੀ ਪਵਿੱਤਰਤਾ ਦੇ ਰਾਹ ਤੇ ਤੋਰੇਗੀ। ਸਿੱਖ ਸਾਧਕ ਦੇ ਹਿਰਦੇ ਵਿਚ ਜਦੋਂ ਪ੍ਰਭੂ ਪ੍ਰੇਮ ਦਾ ਪ੍ਰਵਾਹ ਉਠਦਾ ਹੈ ਉਹ ਆਪਣੇ ਆਪ ਨੂੰ ਪ੍ਰਭੂ ਦੇ ਚਰਨਾਂ ਵਿਚ ਸਮਰਪਤ ਕਰ ਦਿੰਦਾ ਹੈ। ਇਸ ਤਰ੍ਹਾਂ ਅਰਦਾਸ ਆਤਮ-ਸਮਰਪਣ ਦੀ ਅਵਸਥਾ ਹੈ, ਜਦ ਜੀਵ ਦਾ ਸਾਰਾ ਭਰੋਸਾ ਅਨੰਤ ਦੀ ਸੱਤ-ਸਰੂਪ ਹਸਤੀ ਵਿਚ ਕੇਂਦ੍ਰਿਤ ਹੋ ਜਾਂਦਾ ਹੈ। ਮਾਨਵ ਹਿਰਦੇ ਤੋਂ ਨਿਕਲੀ ਸੱਚੀ ਅਰਦਾਸ ਜੀਵ ਦੇ ਹਿਰਦੇ ਨੂੰ ਪ੍ਰਭੂ ਚਰਨਾਂ ਨਾਲ ਜੋੜ ਕੇ ਆਤਮ-ਭਾਵ ਦੇ ਗਿਆਨ ਦੇ ਪ੍ਰਕਾਸ਼ ਦਾ ਪੁਲ ਬਣ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦਾ 'ਸੁਖਮਨੀ ਸਾਹਿਬ' ਵਿਚ ਬਚਨ ਹੈ:

ਤੂੰ ਠਾਕੁਰ ਤੁਮ ਪਹਿ ਅਰਦਾਸਿ॥
ਜੀਉ ਪਿੰਡ ਸਭੁ ਤੇਰੀ ਰਾਸ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤ॥
ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿਧਾਰੀ॥
*ਤੁਮਤੇ ਹੋਇ ਸੋ ਆਗਿਆਕਾਰੀ॥*
ਤੁਮਰੀ ਗਤਿ ਮਿਤ ਤੁਮਹੀ ਜਾਨੀ॥
*ਨਾਨਕ ਦਾਸ ਸਦਾ ਕੁਰਬਾਨੀ॥*

(ਗਉੜੀ ਸੁਖਮਨੀ, ਪੰਨਾ 268)

ਮੈ ਤਾਣ ਦੀਬਾਣੁ ਤੂ ਹੈ ਮੇਰੇ ਸੁਆਮੀ
*ਮੈ ਤੁਧ ਆਗੈ ਅਰਦਾਸ॥*
ਮੈ ਹੋਰ ਥਾਉ ਨਾਹੀ ਜਿਸ ਪਹਿ ਕਰਉ ਬੇਨਤੀ
*ਮੇਰਾ ਦੁਖ ਸੁਖ ਤੁਝ ਹੀ ਪਾਸ॥*

(ਸੂਹੀ ਮ. ੫. ਪੰਨਾ 735)

ਅਰਦਾਸ ਜਾਂ ਪ੍ਰਾਰਥਨਾ ਕਦੇ ਵਿਅਰਥ ਨਹੀਂ ਜਾਂਦੀ, ਅਸੀਂ ਚੇਤੇ ਰਖੀਏ ਕਿ ਪ੍ਰਭੂ ਸਾਡਾ ਦਿਆਲੂ ਪਿਤਾ ਹੈ ਤੇ ਅਸੀਂ ਭੁਲਣਹਾਰ ਪੁੱਤਰ ਹਾਂ

*ਜੈਸਾ ਬਾਲਕ ਭਾਇ ਸੁਭਾਇ ਲਖ ਅਪਰਾਧ ਕਮਾਵੈ॥*
*ਕਰਿ ਉਪਦੇਸ ਝਿੜਕੇ ਬਹੁ ਭਾਤੀ*
*ਬਹੁੜਿ ਪਿਤਾ ਗਲਿ ਜਾਵੈ॥*

(ਸੋਰਠ ਮ. ੫, ਪੰਨਾ 624)

ਅਰਦਾਸ ਵਿਚ ਜਦ ਜੀਵ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੀਆਂ ਕੀਤੀਆਂ ਭੁੱਲਾਂ ਦੀ ਮੁਆਫੀ ਮੰਗਦਾ ਹੈ ਤਾਂ ਉਸਦੇ ਜੀਵਨ ਵਿਚ ਅਜਿਹੀ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨਾਲ ਉਹ ਅੱਗੇ ਤੋਂ ਠੀਕ ਰਸਤੇ ਤੇ ਤੁਰਨ ਲੱਗ ਪੈਂਦਾ ਹੈ। 'ਬਿਘਨ ਨ ਕੋ

ਲਾਗਤਾ ਗੁਰ ਪਹਿ ਅਰਦਾਸਿ' ਗੁਰਵਾਕ ਅਨੁਸਾਰ ਸੱਚੇ ਦਿਲੋਂ ਕੀਤੀ ਅਰਦਾਸ ਨਾਲ ਅਨੇਕਾਂ ਵਿਘਨਾਂ ਤੇ ਹਾਦਸਿਆਂ ਤੋਂ ਬਚਾਅ ਹੋ ਜਾਂਦਾ ਹੈ ਅਤੇ ਮਨ ਦੇ ਸਾਰੇ ਧੋਖੇ ਦੂਰ ਹੋ ਜਾਂਦੇ ਹਨ:

*ਮਨ ਤੇ ਧੋਖਾ ਤਾ ਲਹੈ ਸਿਫਤਿ ਕਰੀ ਅਰਦਾਸਿ॥*

(ਵਡਹੰਸ ਮ. 1, ਪੰਨਾ 537)

ਅਰਦਾਸ ਪੂਰੀ ਹੋਣ ਜਾਂ ਨਾ ਪੂਰੀ ਹੋਣ ਅਰਥਾਤ ਦੋਹਾਂ ਹਾਲਤਾਂ ਵਿਚ ਸਿੱਖ ਨੂੰ ਅਕਾਲ ਪੁਰਖ ਦਾ ਸ਼ੁਕਰ ਕਰਨਾ ਚਾਹੀਦਾ ਹੈ। ਸ਼ੁਕਰ ਵਿਚ ਰਹਿਣਾ ਹੀ ਸਭ ਤੋਂ ਵੱਡੀ ਅਰਦਾਸ ਹੈ, ਰਜ਼ਾ ਵਿਚ ਰਹਿਣਾ ਹੀ ਸਿੱਖੀ ਜੀਵਨ ਦੀ ਸਹੀ ਨਿਸ਼ਾਨੀ ਹੈ। ਅਰਦਾਸ ਕਰਨੀ ਸਾਡਾ ਫਰਜ਼ ਹੈ ਅਤੇ ਅਰਦਾਸ ਦਾ ਉੱਤਰ ਮਿਲਣਾ ਜ਼ਰੂਰੀ ਨਹੀਂ। ਅਸੀਂ ਅਣਜਾਣ ਪੁਣੇ ਵਿਚ ਜੇ ਕਿਸੇ ਵਸਤੂ ਦੀ ਪ੍ਰਾਪਤੀ ਲਈ ਹਾੜ੍ਹੇ ਕਢੀ ਜਾਈਏ, ਤਰਲੇ ਕਰੀ ਜਾਈਏ, ਅਰਦਾਸਾਂ ਕਰੀ ਜਾਈਏ, ਸੱਚਾ ਅਕਾਲ ਪੁਰਖ ਜਿਸ ਬਾਰੇ ਅਸੀਂ ਰੋਜ਼ ਪੜ੍ਹਦੇ ਹਾਂ- 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ', ਸਾਡੀ ਓਹੀ ਅਰਦਾਸ ਪੂਰੀ ਕਰੇਗਾ ਜਿਸ ਵਿਚ ਸਾਡੀ ਭਲਾਈ ਹੋਏਗੀ। ਇਸ ਲਈ ਅਰਦਾਸ ਵਿਚ ਮੰਗੀ ਮੰਗ ਪੂਰੀ ਨਾ ਹੋਣ ਤੇ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਆਪਣੇ ਪ੍ਰਭੂ ਵਿਸ਼ਵਾਸ਼ ਨੂੰ ਡੋਲਣ ਨਹੀਂ ਦੇਣਾ ਚਾਹੀਦਾ। ਬਲਕਿ ਸਾਨੂੰ ਯਾਦ ਕਰਨਾ ਚਾਹੀਦਾ ਹੈ 'ਜੋ ਤੁਧ ਭਾਵੇ ਸਾਈ ਭਲੀ ਕਾਰ' ਭਾਵ ਜੋ ਹੋਇਆ ਹੈ, ਇਸੇ ਵਿਚ ਭਲਾ ਹੈ।

ਗੁਰਬਾਣੀ ਵਿਚ ਸਪਸ਼ਟ ਭਾਂਤ ਸਮਝਾਇਆ ਹੈ ਕਿ ਨਿਜੀ ਜ਼ਰੂਰਤ ਦੀਆਂ ਮੰਗਾਂ ਨਾਲੋਂ ਰੱਬ ਪਾਸੋਂ ਰੱਬ ਦਾ ਪਿਆਰ ਹੀ ਮੰਗਣਾ ਚਾਹੀਦਾ ਹੈ, ਜਿਸ ਦੇ ਮਿਲਣ ਨਾਲ ਸਭ ਪਦਾਰਥ ਆਪਣੇ ਆਪ ਹੀ ਮਿਲ ਜਾਂਦੇ ਹਨ:

*ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ॥*

(ਮਾਰੂ ਮ. 5, ਪੰਨਾ 1018)

ਸਿੱਖੀ ਵਿਚ ਅਰਦਾਸ ਬਿਲਕੁਲ ਨਿਰਾਲੀ ਚੀਜ਼ ਹੈ। ਇਹ ਅਰਦਾਸ ਨਿਜ਼ੀ ਯਾਚਨਾ ਦੀ ਮੰਗ ਕਰਦਿਆਂ ਹੋਇਆ ਨਿੱਜ ਦੇ ਪ੍ਰਾਈਵੇਟ ਲੈਵਲ ਤੋਂ ਉੱਪਰ ਹੋ ਜਾਂਦੀ ਹੈ ਕਿਉਂਕਿ ਇਹ ਖਤਮ ਸਰਬਤ ਦੇ ਭਲੇ ਦੀ ਮੰਗ ਵਿਚ ਹੁੰਦੀ ਹੈ। ਸਿੱਖੀ ਦੀ ਅਰਦਾਸ ਤਦੇ ਹੀ ਸਫਲ ਹੈ ਜੇ ਉਹ ਆਪਣੀ ਨਿੱਕੀ ਜਿਹੀ ਹਸਤੀ ਦੀਆਂ ਛੋਟੀਆਂ ਜ਼ਰੂਰਤਾਂ ਤੋਂ ਉਠ ਕੇ ਸਰਬਤ ਦੇ ਵੱਡੇ ਭਲੇ ਵਿਚ ਲੀਨ ਹੋ ਜਾਏ। ਸਿੱਖ ਲਈ ਅਰਦਾਸ਼ ਛੋਟੇ ਦੋਂ ਵੱਡਾ ਹੋਣ ਦਾ ਸਹਿਸੂਝਾ ਦਾ ਯਤਨ ਹੈ। ਸਰਬਤ ਦੇ ਭਲੇ ਵਿਚ ਲੀਨ ਹੁੰਦਿਆਂ ਹੀ ਸਾਡੇ ਉਹ ਸਾਰੇ ਨੁਕਸ ਦੂਰ ਹੋ ਜਾਂਦੇ ਹਨ, ਜੋ ਛੋਟੇ ਹੋਣ ਕਰਕੇ ਪੈਦਾ ਹੁੰਦੇ ਹਨ। ਸਾਡਾ ਨਿਕਾਰਾਪਨ, ਸਾਡਾ ਸੁਆਰਥ, ਸਾਡਾ ਕਮੀਨਾਪਨ, ਸਾਡਾ ਛੋਟਾਪਨ, ਸਾਡਾ ਵਖਰਾਪਨ, ਇਹਨਾਂ ਸਭਨਾ ਭੈੜਾਂ ਤੋਂ ਖਹਿੜਾ ਛੁਟ ਜਾਂਦਾ ਹੈ ਅਤੇ ਜਾਚਕ ਇਨ੍ਹਾਂ ਤੋਂ ਉਪਰ ਹੋ ਜਾਂਦਾ ਹੈ। ਇਸੇ ਦਾ ਨਾਮ ਚੜ੍ਹਦੀ ਕਲਾ ਹੈ, ਜੋ ਸਰਬਤ ਦੇ ਭਲੇ ਤੋਂ ਤਤਖਿਣ ਪ੍ਰਾਪਤ ਹੁੰਦੀ ਹੈ। ਏਸ ਅਵਸਥਾ ਦੀ ਪੂਰਨਤਾ ਹੀ ਸਿੱਖ ਅਰਦਾਸ ਦੀ ਕਰਾਮਾਤ ਹੈ।

ਗੁਰਸਿੱਖੀ ਵਿਚ ਹਰ ਕਾਰਜ ਦਾ ਆਰੰਭ ਅਰਦਾਸ ਨਾਲ ਹੁੰਦਾ ਹੈ। ਗੁਰਬਾਣੀ ਵਿਚ ਸਮਝਾਇਆ ਹੈ:

*ਕੀਤਾ ਲੋੜੀਐ ਕੰਮੁ ਸੁ ਹਰ ਪਹਿ ਆਖੀਐ॥*
*ਕਾਰਜ ਦੇਇ ਸਵਾਰ ਸਤਿਗੁਰ ਸਚੁ ਸਾਖੀਐ॥*

(ਸਿਰੀ ਰਾਗੁ ਮ. 4, ਪੰਨਾ 91)

ਸਭ ਕਾਰਜ ਅਕਾਲ ਪੁਰਖ ਨੇ ਹੀ ਆਪਣੀ ਮਿਹਰ ਕਰਕੇ ਸੁਆਰਨੇ ਹਨ:

*ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ॥*
*ਮਿਹਰ ਕਰੇ ਜਿਸ ਮਿਹਰਵਾਨ ਤਾ ਕਾਰਜ ਆਵੈ ਰਾਸਿ॥*

(ਸਿਰੀ ਰਾਗੁ ਮ. 5, ਪੰਨਾ 44)

ਸਿੱਖੀ ਵਿਚ ਅਰਦਾਸ ਦੋ ਪ੍ਰਕਾਰ ਦੀ ਹੁੰਦੀ ਹੈ ਇਕ ਵਿਅਕਤੀਗਤ ਤੇ ਦੂਜੀ ਸੰਗਤੀ। ਵਿਅਕਤੀਗਤ ਅਰਦਾਸ ਨਿਜੀ ਦੁਨਿਆਵੀ ਅਤੇ ਪਦਾਰਥਕ ਲੋੜਾਂ ਉਤੇ ਨਿਰਭਰ ਹੁੰਦੀ ਹੈ ਜਦਕਿ ਸੰਗਤੀ ਅਰਦਾਸ ਵਿਚ ਆਮ ਕਰਕੇ ਸੰਗਤ ਦੀ ਭਾਵਨਾ, ਪੰਥਕ ਭਲਾਈ ਅਤੇ ਸਰਬਤ ਦੇ ਭਲੇ ਦੀ ਭਾਵਨਾ ਹੁੰਦੀ ਹੈ।

ਸਿੱਖੀ ਪੰਥਕ ਮਰਯਾਦਾ ਨੂੰ ਕਾਇਮ ਰੱਖਦਿਆਂ ਪੰਥ ਪ੍ਰਣਾਵਿਤ ਰਹਿਤ ਮਰਯਾਦਾ ਵਿਚ ਦਰਜ ਅਰਦਾਸ ਦੀ ਸ਼ਬਦਾਵਲੀ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

ਅਕਾਲ ਪੁਰਖ ਉਤੇ ਨਿਸ਼ਚਾ ਰੱਖਣਾ ਅਤੇ ਉਸ ਨੂੰ ਸਦਾ ਅੰਗ-ਸੰਗ ਜਾਣ ਕੇ ਉਸ ਦੀ ਸੇਵਾ ਵਿਚ ਅਰਦਾਸ ਕਰਨੀ ਜੀਵਨ ਦੇ ਸਦ-ਮਾਰਗ ਉਤੇ ਤੁਰਨ ਦੀ ਕੁੰਜੀ ਹੈ। ਹਰੇਕ ਦਾ ਜੀਵਨ ਸੀਮਿਤ ਸਮੇਂ ਦਾ ਹੈ, ਅੰਤ ਅਕਾਲ ਪੁਰਖ ਦੀ ਦਰਗਾਹ ਵਿਚ ਸਭ ਨੇ ਜਾਣਾ ਹੈ। ਇਸ ਲਈ ਸਦਾ ਇਹ ਅਰਦਾਸ ਜੋਦੜੀ ਕਰਨੀ ਚਾਹੀਦੀ ਹੈ:

ਰਾਖਹੁ ਅਪਨੀ ਸਰਨਿ ਪ੍ਰਭ ਮੋਹਿ ਕਿਰਪਾ ਧਾਰੇ॥
ਸੇਵਾ ਕਛੂ ਨ ਜਾਨਊ ਨੀਚ ਮੂਰਖਾਰੇ॥
*ਮਾਨ ਕਰਉ ਤੁਧ ਊਪਰ ਮੇਰੇ ਪ੍ਰੀਤਮ ਪਿਆਰੇ॥*
*ਹਮ ਅਪਰਾਧੀ ਸਦ ਭੂਲ ਤੇ ਤੁਮ ਬਖਸਨਹਾਰੇ॥*

(ਬਿਲਾਵਲ ਮ. 5, ਪੰਨਾ 809)

ਇਵੇਂ ਸਿੱਖ ਧਰਮ ਵਿਚ ਅਰਦਾਸ ਦੀ ਵਿਸ਼ੇਸ਼ ਮਹਾਨਤਾ ਹੈ ਅਤੇ ਸਿੱਖੀ ਅਰਦਾਸ ਵਿਚ ਇਕ ਅਥਾਹ ਸ਼ਕਤੀ ਹੈ ਜੋ ਸਿੱਖ ਨੂੰ ਚੜ੍ਹਦੀ ਕਲਾ ਵਿਚ ਰੱਖਦਿਆਂ ਸਰਬਤ ਦੇ ਭਲੇ ਨਾਲ ਜੋੜੀ ਰੱਖਦੀ ਹੈ।

# ਰਵਿਦਾਸ ਬਾਣੀ ਵਿਚ ਸਦਾਚਾਰ ਦਾ ਸੰਕਲਪ

ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ, ਬੈਦਵਾਣ, ਡਾਕਖਾਨਾ
ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ

ਜਦੋਂ ਸਮਾਜ ਵਿੱਚ ਅਰਾਜਕਤਾ ਫੈਲਦੀ ਹੈ ਅਤੇ ਭ੍ਰਿਸ਼ਟ ਹੋ ਜਾਂਦਾ ਹੈ ਸਮਾਜ ਦਾ ਵਿਹਾਰ ਤਾਂ ਕੋਈ ਯੋਧਾ ਪਰਉਪਕਾਰੀ ਪ੍ਰਭੂ ਦਾ ਪਿਆਰਾ ਮਧੋਲੇ ਜਾ ਰਹੇ ਫੁੱਲਾਂ ਦੀ ਬਗੀਚੀ ਵਿੱਚ ਮਾਲੀ ਬਣ ਆਣ ਬਹੁੜਦਾ ਹੈ। ਭਗਤ ਰਵਿਦਾਸ ਜੀ ਦਾ ਆਗਮਨ ਅਜਿਹੀ ਹੀ ਇਕ ਸਮਾਜਿਕ ਦਸ਼ਾ ਦੇ ਪਰਿਵਰਤਨ ਵੱਲ ਇੱਕ ਮੁਬਾਰਕ ਕਦਮ ਹੈ। ਭਗਤ ਰਵਿਦਾਸ ਜਿਹੇ ਮਹਾਂਪੁਰਸ਼ਾਂ ਦੀ ਬਾਣੀ, ਪ੍ਰਵਚਨਾਂ ਨੂੰ ਅਜੋਕੇ ਸਮੇ ਵਿੱਚ ਵਾਰ ਵਾਰ ਘੋਖਿਆ- ਵਿਚਾਰਿਆ ਜਾ ਰਿਹਾ ਹੈ ਤਾਂ ਜੋ ਅਸੀਂ ਆਪੇ ਦੀ ਪੜਚੋਲ ਕਰ ਸਕੀਏ ਕਿ ਅਸੀਂ ਇਹਨਾਂ ਮਹਾਂਪੁਰਸ਼ਾਂ ਦੇ ਅਨਮੋਲ ਬਚਨਾਂ ਤੇ ਕਿੰਨਾ ਕੁ ਪੂਰਾ ਉੱਤਰੇ ਹਾਂ।

ਭਗਤ ਰਵਿਦਾਸ ਜੀ ਦੀ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਉਹਨਾਂ ਦੀ ਮਾਨਵ ਦੇ ਹਿਤਾਂ ਪ੍ਰਤਿ ਪਹੁੰਚ ਭਾਵੇਂ ਅਧਿਆਤਮਿਕ ਹੈ ਪਰ ਪ੍ਰਮਾਤਮਾ ਨਾਲ ਪ੍ਰੇਮ ਕਰਨ ਵਾਲੀ ਮਨੋਧਾਰਾ ਵਿੱਚ ਸਮੁੱਚਾ ਸਮਾਜ, ਸਮਾਜਿਕ ਸੱਚ- ਆਚਾਰ ਅਤੇ ਸਦਾਚਾਰੀ ਦਾ ਤੱਤ ਮੁੱਖ ਰੂਪ ਵਿੱਚ ਵਿਦਮਾਨ ਹੈ।

ਸਦਾਚਾਰ ਸ਼ਬਦ ਨੈਤਿਕਤਾ ਲਈ ਵੀ ਵਰਤਿਆ ਜਾਂਦਾ ਹੈ। ਮਨੁੱਖੀ ਚਰਿੱਤਰ ਦੀ ਬਣਤਰ ਵਿਚ ਨੈਤਿਕਤਾ ਦਾ ਅਹਿਮ ਸਥਾਨ ਹੈ। ਸਮੁੱਚੀ ਮਨੁੱਖਤਾ ਦਾ ਚਰਿੱਤਰ ਕਦੇ ਵੀ ਇਕਪਾਸੜ ਨਹੀਂ ਹੁੰਦਾ। ਜੇ ਅਜਿਹਾ ਹੁੰਦਾ ਹੋਵੇ ਤਾਂ ਨੇਕੀਆਂ, ਬਦੀਆਂ, ਚੰਗਿਆਈਆਂ ਅਤੇ ਬੁਰਿਆਈਆਂ ਦੀ ਹੋਂਦ ਦਾ ਕੋਈ ਮਹੱਤਵ ਨਹੀ ਰਹਿੰਦਾ। ਮਨੁੱਖ ਦੇ ਚੱਜ-ਆਚਾਰ ਅਤੇ ਵਰਤੋ ਵਿਹਾਰ ਦੀ ਪੁਣਛਾਣ ਵਿਚੋਂ ਸਦਾਚਾਰੀ ਦਾ ਅੰਤਰ ਨਿਖੇੜ ਸਹਿਜੇ ਹੀ ਹੋ ਸਕਦਾ ਹੈ। ਬਦੀ ਤੋਂ ਬਿਨਾ ਨੇਕੀ ਅਤੇ ਨੇਕੀ ਤੋਂ ਬਿਨਾ ਬਦੀ ਵਾਲੇ ਵਿਹਾਰ ਦਾ ਮਿਆਰ ਨਿਸਚਿਤ ਕਰਨਾ ਕਠਿਨ ਕਾਰਜ ਹੈ। ਮਾਰਗ ਦੋ ਹੀ ਹਨ। ਇਕ ਮਾਰਗ ਮਨੁੱਖ ਨੂੰ ਸਹਿਜ ਵਿੱਚ ਜੀਵਨ ਬਤੀਤ ਕਰਦਿਆਂ ਦੂਜਿਆਂ ਦੇ ਭਲੇ ਲਈ ਕੁਝ ਕਰ ਗੁਜਰਨ ਲਈ ਪ੍ਰੇਰਦਾ ਹੈ। ਇਸ ਮਾਰਗ ਤੇ ਚਲਦਿਆਂ ਸਹਿਜ ਉਪਜਦਾ ਹੈ ਅਤੇ ਮਨੁੱਖੀ ਮਨ ਦੇ ਅੰਦਰ ਨਿਮਰ ਭਾਵ ਪੈਦਾ ਹੁੰਦਾ ਚਲਾ ਜਾਂਦਾ ਹੈ। ਦੂਜਾ ਮਾਰਗ ਅਸ਼ਾਂਤ ਚਿਤ ਵਾਲੇ ਅਜਿਹੇ ਵਿਅਕਤੀ ਦਾ ਹੈ, ਜਿਹੜਾ ਸਭ ਕੁਝ ਆਪਣੇ ਅਧੀਨ ਕਰਨਾ ਲੋਚਦਾ ਹੈ। ਦੁਰਾਚਾਰੀ ਵਿਅਕਤੀ ਸਮਾਜ ਵਿੱਚ ਅਜਿਹਾ ਬਖੇੜਾ ਖੜ੍ਹਾ ਕਰਦਾ ਹੈ ਕਿ ਸਾਰਿਆਂ ਦੇ ਰਾਹ ਦਾ ਰੋੜਾ ਬਣ ਜਾਂਦਾ ਹੈ। ਅਜਿਹੇ ਮਨੁੱਖ ਦਾ ਅੰਤ ਬੁਰਾ ਹੁੰਦਾ ਹੈ।

ਮਨੁੱਖੀ ਸਖਸ਼ੀਅਤ ਦੇ ਨਿਖਾਰ ਲਈ ਭਾਰਤੀ ਧਰਮ ਚਿੰਤਨ ਦਾ ਬਹੁਤ ਪ੍ਰਭਾਵ ਰਿਹਾ ਹੈ। ਭਾਰਤੀ ਵਿਚਾਰਧਾਰਾ ਅਨੁਸਾਰ ਨੈਤਿਕਤਾ ਦੇ ਗਿਆਨ ਦੇ ਨਾਲ-ਨਾਲ ਪ੍ਰਮਾਤਮਾ ਵਿੱਚ ਅਡੋਲ ਵਿਸ਼ਵਾਸ ਦਾ ਹੋਣਾ ਵੀ ਲਾਜ਼ਮੀ ਹੈ। ਮਨੁੱਖ ਦੇ ਰੋਜ਼ਾਨਾ ਵਿਹਾਰ ਵਿਚ ਸਦਾਚਾਰੀ ਨੂੰ ਪ੍ਰਪੱਕ ਕਰਨ ਹਿਤ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਸਹਿਜੇ ਹੀ ਵਿਚਾਰਿਆ ਜਾ ਸਕਦਾ ਹੈ। ਗੁਰੂ ਸਹਿਬਾਨ ਅਤੇ ਭਗਤ ਜਨਾਂ ਨੇ ਆਪਣੀ ਬਾਣੀ ਵਿਚ ਮਾਨਵ ਦੇ ਮਨ ਦੀ ਨਿਰਮਲਤਾ ਲਈ ਨਿਮਰਤਾ, ਸਦਾਚਾਰ ਅਤੇ ਪ੍ਰੇਮ ਦੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ। ਭਗਤ ਰਵਿਦਾਸ ਜੀ ਮਨੁੱਖ ਵਿਚ ਪ੍ਰੇਮ ਭਾਵਨਾ ਪੈਦਾ ਕਰਨ ਲਈ ਜ਼ੋਰ ਦਿੰਦੇ ਹਨ ਕਿਉਂਕਿ ਪ੍ਰੇਮ ਹੀ ਜੀਵਨ ਦੀ ਸਫਲਤਾ ਦਾ ਧੁਰਾ ਹੈ। ਉਹ ਆਪਣੀ ਬਾਣੀ ਵਿਚ ਉਪਦੇਸ਼ ਕਰਦੇ ਹਨ ਕਿ

*ਪ੍ਰੇਮ ਕੀ ਜੇਵਰੀ ਬਾਧਿਓ ਤੇਰੇ ਜਨੁ।*
*ਕਹਿ ਰਵਿਦਾਸ ਛੂਟਿਓ ਕਵਨ ਗੁਨ॥*

ਅਜੋਕੇ ਸਮੇਂ ਵਿਚ ਅਸੰਗਠਤ ਹੋ ਰਹੇ ਮਨੁੱਖ ਦਾ ਦੁਖਾਂਤ ਦਿਨ-ਬ-ਦਿਨ ਵਧ ਰਿਹਾ ਹੈ। ਸਮਾਜ ਦੇ ਰੁਝਾਨ ਤੇ ਸਰਸਰੀ ਨਜ਼ਰ ਮਾਰਦਿਆਂ ਇਸ ਦੁਖਾਂਤ ਦੇ ਵਧਣ ਦਾ ਇਕੋ ਇਕ ਮੁੱਖ ਕਾਰਣ ਬੇਲੋੜੀ ਪਦਾਰਥਕ ਜਕੜ ਹੈ। ਹਰ ਵਿਅਕਤੀ ਚਾਹੁੰਦਾ ਹੈ ਕਿ ਥੋੜੇ ਤੋਂ ਥੋੜਾ ਕੰਮ ਕਰ ਕੇ ਵੱਧ ਤੋਂ ਵੱਧ ਲਾਭ ਹੱਥ ਲੱਗੇ। ਆਪਣੇ ਹਿੱਸੇ ਦਾ ਕੰਮ ਉਹ ਹੋਰਨਾਂ ਤੋਂ ਭਾਲਦਾ ਹੈ। ਅਜਿਹੇ ਕਾਰਨਾਂ ਕਰਕੇ ਜਿੰਦਗੀ ਦੀ ਤੋਰ ਜਦੋਂ ਸਾਂਵੀ ਨਹੀ ਰਹਿੰਦੀ ਤਾਂ ਫਿਰ ਸਮਾਜ ਦੇ ਤਾਣੇ ਬਾਣੇ ਵਿੱਚੋਂ ਕੁਝੱਤਣ ਉਪਜਦੀ ਹੈ।

ਭਗਤ ਰਵਿਦਾਸ ਜੀ ਬਾਣੀ ਵਿੱਚ ਕਿਰਤ ਦਾ ਮਹੱਤਵ ਸਬਰ ਸੰਤੋਖ ਨਾਲ ਜੀਵਨ ਬਸਰ ਕਰਨ ਦੇ ਪ੍ਰਸੰਗ ਵਿੱਚ ਮਿਲਦਾ ਹੈ ਜੋ ਕਿ ਮਨੁੱਖ ਦੇ ਸਦ-ਗੁਣਾਂ ਨੂੰ ਪੱਕੇ ਪੈਰੀਂ ਕਰਦਾ ਹੈ। ਭਗਤ ਰਵਿਦਾਸ ਆਪਣੀ ਬਾਣੀ ਵਿੱਚ ਫੁਰਮਾਉਂਦੇ ਹਨ ਕਿ

*ਰਵਿਦਾਸ ਢੁਵੰਤਾ ਢੋਰ ਨੀਤ ਤਿਨ ਤਿਆਗੀ ਮਾਇਆ।*
*ਪ੍ਰਗਟ ਹੋਆ ਸਾਧ ਸੰਗ ਹਰਿ ਦਰਸਨ ਪਾਇਆ॥*

ਇਸੇ ਪਦਾਰਥਕ ਜਕੜ ਨੂੰ ਰਵਿਦਾਸ ਜੀ ਨੇ 'ਬਿਖ' ਸ਼ਬਦ ਨਾਲ ਤੁਲਨਾ ਦਿੱਤੀ ਹੈ ਉਹਨਾ ਦਾ ਫੁਰਮਾਨ ਹੈ ਕਿ:

*ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥*

ਧਾਰਮਿਕ ਫਲਾਸਫੀ ਮਨੁੱਖੀ ਦਿਮਾਗ ਅੰਦਰ ਇੱਕ ਅਜਿਹੀ ਸ਼ਕਤੀ ਪੈਦਾ ਕਰਦੀ ਹੈ ਜਿਸ ਨਾਲ ਦਿਮਾਗ ਕਿਸੇ ਅਸੀਮ ਦੀ ਭਾਲ ਵਿਚ ਕਾਰਜਗਤ ਹੋ ਜਾਂਦਾ ਹੈ। ਅਸੀਮ ਦੀ ਭਾਲ ਦੇ ਰਸਤੇ ਵਿੱਚ ਜੋ ਦੁਨਿਆਵੀ ਰੁਕਾਵਟਾਂ ਆਉਂਦੀਆਂ ਹਨ, ਉਹਨਾ ਨੂੰ ਉਹ ਬਦੀ ਦਾ ਭਾਰ ਮੰਨਦਾ ਹੈ। ਇਸ ਕਾਰਜ ਵਿੱਚ ਸਹਿਯੋਗੀ ਕਿਰਿਆਵਾਂ ਨੂੰ ਨੇਕੀ ਦਾ ਪ੍ਰਤੀਕ ਮੰਨਦਾ ਹੈ। ਇਸੇ ਪ੍ਰਸੰਗ ਵਿੱਚ ਭਗਤ ਰਵਿਦਾਸ ਜੀ ਆਪਣੀ ਬਾਣੀ ਅੰਦਰ ਉਪਦੇਸ਼ ਕਰਦੇ ਹਨ ਕਿ:

*ਜਾ ਕੈ ਕੁਟੰਬ ਦੇ ਢੇਡ ਸਭ ਢੋਰ ਢੁਵੰਤ।*
*ਫਿਰਹਿ ਅਜਹੁ ਬਨਾਰਸੀ ਆਸ ਪਾਸਾ॥*
*ਅਚਾਰ ਸਹਿਤ ਬਿਪ੍ਰ ਕਰਹਿ ਡੰਡਾਉਤਿ*
*ਤਿਨ ਤਨੇ ਰਵਿਦਾਸ ਦਾਸਾਨ ਦਾਸਾ॥*

ਭਗਤ ਰਵਿਦਾਸ ਜੀ ਬਾਣੀ ਵਿੱਚ ਪ੍ਰੋਹਿਤ ਜਮਾਤ ਵੱਲੋਂ ਕੀਤੀ ਜਾ ਰਹੀ ਲੁੱਟ ਦਾ ਸ਼ਿਕਾਰ ਹੋਈ ਕਿਰਤੀ ਸ੍ਰੇਣੀ ਦੀ ਜਾਗ੍ਰਤੀ ਲਈ ਉਪਦੇਸ਼ ਹੋਇਆ ਮਿਲਦਾ ਹੈ। ਨਤੀਜਾ ਮੁੜ ਉਹੋ ਨਿਕਲਦਾ ਹੈ ਕਿ ਪ੍ਰੋਹਿਤ ਵਿਹਲੜ ਨਿੱਖਟੂ ਧਰਮ ਦਾ ਠੇਕੇਦਾਰ ਬਿਨਾ ਕੋਈ ਡੱਕਾ ਦੂਹਰਾ ਕਰਿਆਂ ਸਭ ਕੁਝ ਤੇ ਆਪਣਾ ਅਧਿਕਾਰ ਜਮਾਉਂਦਾ ਹੈ। ਅਜੋਕੀਆਂ ਡੇਰੇਦਾਰੀਆਂ ਵਿਚੋਂ ਬਹੁਤੀਆਂ ਥਾਵਾਂ ਤੇ ਪ੍ਰੋਹਿਤ ਪ੍ਰਥਾ ਨੂੰ ਜੀਵਤ ਰੂਪ ਵਿਚ ਵੇਖਿਆ ਜਾ ਸਕਦਾ ਹੈ ਕਿਉਂਕਿ ਇਥੇ ਵੀ ਕਿਰਤੀ ਸ਼੍ਰੇਣੀਆਂ ਨੂੰ ਰੱਬ ਨਾਲ ਮਿਲਾਉਣ ਦਾ ਝਾਂਸਾ ਦੇ ਕੇ ਟੱਬਰਦਾਰੀਆਂ ਪਾਲੀਆਂ ਜਾ ਰਹੀਆਂ ਹਨ। ਭਗਤ ਰਵਿਦਾਸ ਜੀ ਦੀ ਬਾਣੀ ਵਿਚੋਂ ਸਪਸ਼ਟ ਸੰਕੇਤ ਮਿਲਦਾ ਹੈ ਕਿ ਪ੍ਰੋਹਿਤ ਅਸਲ ਵਿਚ ਧਰਮ ਤੋਂ ਕੋਹਾਂ ਦੂਰ ਹਨ। ਉਹਨਾਂ ਦੀ ਬਾਣੀ ਇਹ ਵੀ ਦੱਸਦੀ ਹੈ ਕਿ ਧਰਮ ਦੀ ਕਿਰਤ ਕਰਿਆਂ ਪ੍ਰਮੇਸ਼ਰ ਦਾ ਦੁਆਰ ਮਿਲਦਾ ਹੈ। ਗੁਰੂ ਨਾਨਕ ਸਾਹਿਬ ਵੀ ਆਪਣੀ ਬਾਣੀ ਅੰਦਰ ਅਜਿਹਾ ਹੀ ਫੁਰਮਾਉਂਦੇ ਹਨ ਕਿ:

*ਘਾਲਿ ਖਾਇ ਕਿਛੁ ਹਥੰਹੁ ਦੇਹ। ਨਾਨਕ ਰਾਹ ਪਛਾਣੈ ਸੇਇ॥*

ਭਾਰਤੀ ਸਰਵੋਤਮ ਸਾਹਿਤ ਦੇ ਨਿਰਮਾਤਾ ਰਵਿੰਦਰਨਾਥ ਟੈਗੋਰ ਨੇ ਵੀ ਇੱਕ ਥਾਂ ਲਿਖਿਆ ਹੈ ਕਿ ਰੱਬ ਮੰਦਰਾਂ ਵਿਚ ਨਹੀਂ ਸਗੋਂ ਉਹ ਉਹਨਾ ਲੋਕਾਂ ਨਾਲ ਹੈ ਜੋ ਖੇਤਾਂ ਵਿਚ ਹਲ ਚਲਾ ਰਹੇ ਹਨ ਅਤੇ ਸੜਕਾਂ ਤੇ ਮਜ਼ਦੂਰੀ ਕਰ ਰਹੇ ਹਨ। ਹੱਥੀਂ ਕੰਮ ਕਰਨ ਨਾਲ ਪੈਦਾ ਹੋਈ ਮਨਾਂ ਦੀ ਨਿਰਮਲਤਾ ਹੀ ਸਮਾਜ ਵਿਚਲੇ ਸਦਾਚਾਰ ਦਾ ਆਧਾਰ ਬਣਦੀ ਹੈ।

# ਗੁਰਮਤਿ ਸੰਗੀਤ ਪਰੰਪਰਾ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ

ਸਵਿਤਾ ਉਪਲ
ਮੁਖੀ ਸੰਗੀਤ ਵਿਭਾਗ, ਰਾਮਗੜ੍ਹੀਆ ਗਰਲਜ਼ ਕਾਲਜ, ਮਿੱਲਰ ਗੰਜ, ਲੁਧਿਆਣਾ

ਹਿੰਦੁਸਤਾਨੀ ਸੰਗੀਤ ਦੇ ਮੂਲ ਕਾਰਜਖੇਤਰ ਪੰਜਾਬ ਤੋਂ ਉਤਪੰਨ ਤੇ ਪ੍ਰਫੁਲਤ ਹੋਈ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰਾਂ ਦਾ ਵਿਵਹਾਰਕ ਰੂਪ ਵਿਚ ਬਹੁਤ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਵੱਲ ਝਾਤ ਮਾਰੀਏ ਤਾਂ ਇਹ ਪਰੰਪਰਾ ਭਾਰਤੀ ਸੰਗੀਤ ਦੀ ਇੱਕ ਅਜਿਹੀ ਪਰੰਪਰਾ ਹੈ, ਜਿਸਨੂੰ ਦੱਸ ਗੁਰੂ ਸਾਹਿਬਾਨਾਂ ਨੇ ਮਜ਼ਬੂਤ ਅਧਾਰ ਪ੍ਰਦਾਨ ਕੀਤਾ।

ਗੁਰੂ ਅਰਜਨ ਦੇਵ ਜੀ ਪਹਿਲੀ ਸਤੰਬਰ 1581 ਈ: ਨੂੰ ਗੁਰੂ ਗੱਦੀ ਤੇ ਬਿਰਾਜੇ, ਜਦ ਉਨ੍ਹਾਂ ਦੀ ਆਯੂ ਮਸਾਂ 18 ਸਾਲਾਂ ਦੀ ਸੀ। ਗੁਰੂ ਜੀ 30 ਮਈ, 1606 ਈ: ਨੂੰ ਜਦੋਂ ਉਹ 43 ਸਾਲ ਦੇ ਸਨ, ਸ਼ਹੀਦ ਕੀਤੇ ਗਏ। ਉਨ੍ਹਾਂ ਦੀ ਗੁਰਿਆਈ ਦਾ ਸਮਾਂ ਕੇਵਲ 24 ਸਾਲ 9 ਮਹੀਨੇ ਸੀ। ਇਸ ਥੋੜੇ ਜਿਹੇ ਅਰਸੇ ਵਿੱਚ ਉਨ੍ਹਾਂ ਨੇ ਜੋ ਕਾਰਨਾਮੇ ਕਰ ਵਿਖਾਏ, ਉਹ ਸੱਚਮੁਚ ਅਚੰਭਤ ਕਰ ਦੇਣ ਵਾਲੇ ਹਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਹੋਰ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਵੀ ਸੰਗ੍ਰਹਿਤ ਕਰਕੇ ਆਪਣੀ ਵਿਲੱਖਣ ਦੇਣ ਦੁਆਰਾ ਅਧਿਆਤਮਕ ਅਤੇ ਸੰਗੀਤ ਜਗਤ ਨੂੰ ਭਰਪੂਰ ਕੀਤਾ। ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ 5800 ਸ਼ਬਦ ਹਨ, ਜਿਨ੍ਹਾਂ ਵਿਚੋਂ 2312 ਸ਼ਬਦ ਗੁਰੂ ਅਰਜਨ ਦੇਵ ਜੀ ਨੇ ਉਚਾਰੇ। ਕੇਵਲ ਸ਼ਬਦ ਰਚਨਾ ਹੀ ਨਹੀਂ, ਇਨ੍ਹਾਂ ਸ਼ਬਦਾਂ ਨੂੰ ਰਾਗ ਸੁਰ ਅੰਦਰ ਮੂਰਤੀਮਾਨ ਕਰਨਾ ਤੇ ਨਾਲੋਂ ਨਾਲ ਮਾਤ੍ਰਾ ਤੇ ਲਯ ਦੇ ਸੂਖਮ ਭੇਦਾਂ ਦੇ 'ਘਰਾਂ' ਵਿੱਚ ਇੱਕ ਬੰਦ ਕਰਨਾ ਵੀ ਬੜੀ ਅਹਿਮ ਤੇ ਕਠਿਨ ਸਾਧਨਾ ਸੀ। ਡਾ. ਗੁਰਨਾਮ ਸਿੰਘ ਦੇ ਕਥਨ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਰਕੇ ਗੁਰਮਤਿ ਸੰਗੀਤ ਨੂੰ ਸਥਾਈ ਰੂਪ ਵਿੱਚ ਸਥਾਪਤ ਕੀਤਾ। ਉਨ੍ਹਾਂ ਨੇ ਕੀਰਤਨ ਨੂੰ ਆਮ ਸਿੱਖਾਂ ਵਿੱਚ ਪ੍ਰਚਾਰਿਆ ਅਤੇ ਗੁਰਮਤਿ ਸੰਗੀਤ ਦਾ ਸੰਗਤਾਂ ਵਿੱਚ ਹੋਰ ਵੀ ਵਿਕਾਸ ਹੋਇਆ।

ਗੁਰੂ ਸਾਹਿਬ ਦੇ ਦਰਬਾਰ ਵਿੱਚ ਸੱਤਾ, ਬਲਵੰਡ, ਭਾਈ ਝਾਝੂ, ਭਾਈ ਮੁਕੰਦ, ਭਾਈ ਕਿਦਾਰਾ ਹਜ਼ੂਰੀ ਕੀਰਤਨੀਏ ਸਨ, ਇਸੇ ਹੀ ਦੌਰਾਨ ਕੀਰਤਨ ਨਾਲ ਸਾਰੰਦਾ ਸਾਜ਼ ਅਤੇ ਤਬਲਾ ਜੋੜੀ ਦਾ ਪ੍ਰਚਾਰ ਵੀ ਸ਼ੁਰੂ ਹੋ ਗਿਆ ਸੀ। ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਤਰਨ-ਤਾਰਨ ਸਾਹਿਬ ਵਿਖੇ ਕੀਰਤਨ ਕੇਂਦਰ ਦੀ ਸਥਾਪਨਾ ਕੀਤੀ ਤਾਂ ਜੋ ਗੁਰੂ ਨਾਨਕ ਸਾਹਿਬ ਦੀ ਚਲਾਈ ਹੋਈ ਗੁਰਮਤਿ ਪ੍ਰਣਾਲੀ ਨੂੰ ਨਵੀਆਂ ਤੇ ਮੌਲਿਕ ਵਿਸ਼ਿਸ਼ਟਤਾਵਾਂ ਸਹਿਤ ਉਜਾਗਰ ਕੀਤਾ ਜਾ ਸਕੇ।

ਗੁਰੂ ਅਰਜਨ ਸਾਹਿਬ ਦੇ ਵੇਲੇ ਹੀ ਗੁਰਦੁਆਰਿਆਂ ਵਿੱਚ ਆਸਾ ਦੀ ਵਾਰ ਦਾ ਕੀਰਤਨ, ਸੋਦਰ ਦੀ ਚੌਂਕੀ, ਬਿਲਾਵਲ ਦੀ ਚੌਂਕੀ ਦਾ ਕੀਰਤਨ ਮੁੱਖ ਰੂਪ ਵਿੱਚ ਸ਼ੁਰੂ ਹੋਇਆ।

ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ ਬਾਣੀ ਲਿਖੀ, ਜਿਸਦਾ ਵੇਰਵਾ ਇਉਂ ਹੈ:-

**ਸ਼ਬਦ-1345, ਅਸ਼ਟਪਦੀਆਂ-62, ਛੰਤ-62**

ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 'ਵਾਰਾਂ' ਵਿਚੋਂ ਗੁਰੂ ਅਰਜਨ ਸਾਹਿਬ ਦੀਆਂ 6 'ਵਾਰਾਂ' ਹੇਠ ਲਿਖੇ ਰਾਗਾਂ ਵਿੱਚ ਦਰਜ ਹਨ-

ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ।

ਇਨ੍ਹਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਹੇਠ ਲਿਖੀਆਂ ਬਾਣੀਆਂ ਵੀ ਰਾਗਾਂ ਵਿੱਚ ਲਿਖੀਆਂ:-

(1) ਸਿਰੀ ਰਾਗ ਵਿੱਚ - ਪਹਰੇ 1 ਸ਼ਬਦ
(2) ਮਾਝ ਵਿੱਚ - ਬਾਰਹਮਾਹਾ 14 ਪਉੜੀਆਂ
(3) ਗਉੜੀ ਵਿੱਚ - ਬਾਵਨ ਅਖਰੀ 57 ਸਲੋਕ ਅਤੇ 55 ਪਉੜੀਆਂ
-ਸੁਖਮਨੀ 24 ਸਲੋਕ ਅਤੇ 24 ਅਸ਼ਟਪਦੀਆਂ
-ਥਿਤੀ
(4) ਆਸਾ ਵਿੱਚ - ਬਿਰਹੜੇ 3 ਸ਼ਬਦ
(5) ਸੂਹੀ ਵਿਚ - ਗੁਣਵੰਤੀ 1 ਸ਼ਬਦ
(6) ਮਾਰੂ ਵਿਚ - ਅੰਜੁਲੀਆਂ
-ਸੋਲਹੇ 14 ਸ਼ਬਦ

ਰਾਗਾਂ ਦੇ ਮੁੱਕਣ ਤੇ ਹੇਠ-ਲਿਖੀਆਂ ਹੋਰ ਉਚੇਚੀਆਂ ਬਾਣੀਆਂ ਗੁਰੂ ਅਰਜਨ ਸਾਹਿਬ ਦੀਆਂ ਹਨ-

(1) ਸਲੋਕ ਸਹਸਕ੍ਰਿਤੀ 67
(2) ਗਾਥਾ 24
(3) ਫਨਹੇ 23
(4) ਚਉਬੋਲੇ 11
(5) ਸਵਯੈ 9
(6) ਸਵਯੈ 11

ਰਾਗਾਂ ਅਨੁਸਾਰ ਸ਼ਬਦਾਂ, ਅਸ਼ਟਪਦੀਆਂ ਤੇ ਛੰਤਾਂ ਦਾ ਵੇਰਵਾ:-

| ਰਾਗ | ਸ਼ਬਦ | ਅਸ਼ਟਪਦੀਆਂ | ਛੰਤ |
|---|---|---|---|
| ਸਿਰੀ ਰਾਗ | 30 | 2 | 2 |
| ਮਾਝ | 43 | 5 | - |
| ਗਉੜੀ | 172 | 15 | 4 |
| ਆਸਾ | 163 | 2 | 14 |
| ਗੂਜਰੀ | 32 | 2 | - |
| ਦੇਵਗੰਧਾਰੀ | 38 | - | - |
| ਬਿਹਾਗੜਾ | 1 | - | 9 |
| ਵਡਹੰਸ | 9 | - | 3 |
| ਸੋਰਠਿ | 94 | 3 | - |
| ਧਨਾਸਰੀ | 58 | 1 | 1 |
| ਜੈਤਸਰੀ | 13 | - | 3 |
| ਟੋਡੀ | 30 | - | - |
| ਬੈਰਾੜੀ | 1 | - | - |
| ਤਿਲੰਗ | 5 | - | - |
| ਸੂਹੀ | 58 | 5 | 11 |
| ਬਿਲਾਵਲ | 129 | 2 | 5 |
| ਗੋਂਡ | 22 | 1 | - |
| ਰਾਮਕਲੀ | 60 | 8 | 6 |
| ਨਟ ਨਰਾਇਨ | 10 | - | - |
| ਮਾਲੀ ਗਉੜਾ | 8 | - | - |
| ਮਾਰੂ | 32 | 6 | - |
| ਤੁਖਾਰੀ | - | - | 1 |
| ਕੇਦਾਰਾ | 15 | - | 1 |
| ਭੈਰਉ | 57 | 3 | - |
| ਬਸੰਤ | 21 | 2 | - |
| ਸਾਰੰਗ | 139 | 2 | - |
| ਮਲਾਰ | 30 | - | 1 |
| ਕਾਨੜਾ | 50 | - | 1 |
| ਕਲਿਆਣ | 10 | - | - |
| ਪ੍ਰਭਾਤੀ | 15 | 3 | - |
| ਜੋੜ | 1345 | 62 | 62 |

ਵਾਰਾਂ ਦੀਆਂ ਪਉੜੀਆਂ:-

| | |
|---|---|
| ਗਉੜੀ | - 21 |
| ਗੂਜਰੀ | - 21 |
| ਜੈਤਸਰੀ | - 20 |
| ਰਾਮਕਲੀ | - 22 |
| ਮਾਰੂ | - 23 |
| ਬਸੰਤ | - 3 |
| ਜੋੜ | - 110 |

ਸਲੋਕਾਂ ਦਾ ਵੇਰਵਾ:

1. ਸ਼ਿਰੀ ਰਾਗ ਕੀ ਵਾਰ ਮ: 4 ਵਿਚ-1
2. ਗਉੜੀ ਕੀ ਵਾਰ ਮ: 4 ਵਿਚ 8+5 ਪਉੜੀਆਂ
3. ਗਉੜੀ ਕੀ ਵਾਰ ਮ: 5 ਵਿਚ-42
4. ਗੂਜਰੀ ਕੀ ਵਾਰ ਮ: 5 ਵਿਚ-42
5. ਬਿਹਾਗੜੇ ਕੀ ਵਾਰ ਮ: 4 ਵਿਚ-2
6. ਜੈਤਸਰੀ ਕੀ ਵਾਰ ਮ: 5 ਵਿਚ-40
7. ਰਾਮਕਲੀ ਕੀ ਵਾਰ ਮ: 5 ਵਿਚ-44
8. ਮਾਰੂ ਕੀ ਵਾਰ ਮ: 3 ਵਿਚ-2
9. ਮਾਰੂ ਕੀ ਵਾਰ ਮ: 5 ਵਿਚ-69
10. ਸਾਰੰਗ ਕੀ ਵਾਰ ਮ: 4 ਵਿਚ -3+1 ਪਉੜੀ
11. ਮਲਾਰ ਕੀ ਵਾਰ ਮ: 3 ਵਿਚ -2+1 ਪਉੜੀ

255+7 ਪਉੜੀ

ਸਲੋਕ ਵਾਰਾਂ ਕੇ ਵਧੀਕ 22

277 ਜੋੜ

# ਡਾ . ਸ਼ਾਨ ਦੀ ਬੰਗਲਾ ਦੇਸ਼ ਤੋਂ ਵਾਪਸੀ

ਅਸ਼ੋਕ ਕੁਮਾਰ
135, ਫੇਜ਼ 5,
ਮੁਹਾਲੀ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਗੁਰੂ ਨਾਨਕ ਚੇਅਰ ਦੇ ਸਾਬਕਾ ਚੇਅਰਮੈਨ ਅਤੇ ਉਸ ਦੇ ਪੰਜਾਬੀ ਤੇ ਸਿੱਖ ਅਧਿਐਨ ਸਬੰਧੀ ਵਿਭਾਗਾਂ ਦੇ ਸਾਬਕਾ ਮੁਖੀ, ਡਾ. ਹਰਨਾਮ ਸਿੰਘ ਸ਼ਾਨ, ਬੰਗਲਾ ਦੇਸ਼ ਦੀ ਰਾਜਧਾਨੀ, ਢਾਕਾ, ਵਿਖੇ ਏਸ਼ੀਆ ਦੇ ਇਤਿਹਾਸਕਾਰਾਂ ਦੀ ਹੋਈ ਸਤਾਰ੍ਹਵੀਂ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਸ਼ਾਮਲ ਹੋ ਕੇ ਅਤੇ ਦੱਖਣੀ ਏਸ਼ੀਆ ਦੀ ਕਲਾ, ਸਾਹਿਤ ਤੇ ਸਭਿਆਚਾਰਕ ਵਿਰਸੇ ਸਬੰਧੀ ਨਿਯਤ ਸੈਕਸ਼ਨ ਵਿਚ ਆਪਣਾ ਖੋਜ-ਪੱਤਰ ਪੇਸ਼ ਕਰਕੇ, ਵਾਪਸ ਆ ਗਏ ਹਨ। ਕਾਨਫਰੰਸ ਦੀ ਸਮਾਪਤੀ ਤੋਂ ਬਾਅਦ, ਉਹ ਉਥੇ ਅਜੇ ਤਕ ਮੌਜੂਦ ਉਨ੍ਹਾਂ ਇਤਿਹਾਸਕ ਗੁਰਦੁਆਰਿਆਂ ਤੇ ਯਾਦਗਾਰੀ ਵਸਤਾਂ ਦੇ ਦਰਸ਼ਨ ਤੇ ਉਨ੍ਹਾਂ ਬਾਰੇ ਲੋੜੀਂਦਾ ਅਧਿਐਨ ਤੇ ਪੁਛ-ਗਿਛ ਵੀ ਕਰ ਆਏ ਹਨ ਜੋ ਉਥੇ ਗੁਰੂ ਨਾਨਕ ਦੇਵ ਜੀ ਦੇ ਸੰਨ 1504 ਵਿਚ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੰਨ 1665 ਵਿਚ ਹੋਏ ਪਾਵਨ ਨਿਵਾਸ ਨਾਲ ਸਬੰਧਿਤ ਹਨ। ਇਹ ਅਤੇ ਹੋਰ ਬਹੁਤ ਕੁਝ ਸੰਨ 1947 ਵਿਚ ਹੋਈ ਦੇਸ਼-ਵੰਡ ਮਗਰੋਂ ਬਹੁਤ ਦੇਰ ਤਕ ਅਣਗੌਲਿਆ ਤੇ ਅਣਸਾਂਭਿਆ ਹੀ ਪਿਆ ਰਿਹਾ ਹੈ ਅਤੇ ਸਤਿਗੁਰਾਂ ਦੇ ਸਿੱਖ ਤੇ ਸ਼ਰਧਾਲੂ ਸੰਨ 1971 ਤਕ ਉਥੇ ਕਾਇਮ ਰਹੇ ਪਾਕਿਸਤਾਨੀ ਰਾਜ ਦੌਰਾਨ ਉਨ੍ਹਾਂ ਦੇ ਦਰਸ਼ਨ-ਮੇਲੇ ਦਾ ਸੁਭਾਗ ਵੀ ਪਰਾਪਤ ਨਹੀਂ ਕਰ ਸਕੇ ਹਨ।

ਪ੍ਰੋਫੈਸਰ ਸ਼ਾਨ ਜੀ ਦੇ ਅਧਿਐਨ, ਨਿਰਣੇ ਤੇ ਨਿਰੀਖਣ ਅਨੁਸਾਰ, ਉਸ ਪਾਵਨ ਸਥਾਨ ਦਾ ਉਥੇ ਹੁਣ ਨਾਂ-ਨਿਸ਼ਾਨ ਤਕ ਨਹੀਂ ਰਿਹਾ ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਚਰਨ ਚੁੰਮਣ ਦਾ ਸਭ ਤੋਂ ਪਹਿਲਾਂ ਸੁਭਾਗ ਪਰਾਪਤ ਹੋਇਆ ਸੀ, ਜਿਸ ਵਿਚ ਉਨ੍ਹਾਂ ਨੇ ਉਥੇ ਪਾਣੀ ਦੀ ਤੰਗੀ ਨੂੰ ਮੁਖ ਰੱਖਦਿਆਂ, ਇਕ ਖੂਹ ਵੀ ਖੁਟਵਾਇਆ ਸੀ ਜਿਸ ਦਾ ਨਾਂ, ਕਈ ਸਦੀਆਂ ਤੋਂ, 'ਗੁਰੂ ਨਾਨਕ ਦਾ ਖੂਹਾ ਦੱਸਿਆ-ਮੰਨਿਆ ਜਾਂਦਾ ਰਿਹਾ ਹੈ ਅਤੇ ਜਿਸ ਦੇ ਪਾਣੀ ਨੂੰ ਕਰਾਮਾਤੀ ਜਾਣਦਿਆਂ ਸ਼ਰਧਾਲੂਆਂ ਦੇ ਰੋਗਾਂ ਦੇ ਇਲਾਜ ਲਈ ਆਮ ਵਰਤਿਆ ਜਾਂਦਾ ਰਿਹਾ ਹੈ। ਗੁਰੂ ਸਾਹਿਬ ਨੇ ਉਥੇ ਜੋ ਧਰਮ-ਸਥਾਨ ਬਣਵਾਇਆ ਸੀ ਉਹ 'ਰਾਇਰ ਬਜ਼ਾਰ ਗੁਰਦਵਾਰਾ' ਦੇ ਨਾਂ ਨਾਲ ਜਾਣਿਆ-ਪਛਾਣਿਆ ਜਾਂਦਾ ਰਿਹਾ ਹੈ।

ਮਿਸਟਰ ਬਰਟ ਤੇ ਸੱਯਦ ਹਸਨ ਆਦਿ ਦੀਆਂ ਪੁਸਤਕਾਂ ਵਿਚ ਤਾਂ ਉਸ ਦਾ ਜ਼ਿਕਰ ਹੁਣ ਤਕ ਕਾਇਮ ਹੈ, ਪਰ ਉਹ ਆਪ ਉਸ ਥਾਂ ਹੁਣ ਮੌਜੂਦ ਨਹੀ। ਕਹਿੰਦੇ ਹਨ, ਸੰਨ 1960 ਦੇ ਲਾਗੇ-ਚਾਗੇ ਪੂਰਬੀ ਪਾਕਿਸਤਾਨ ਦੀ ਸਰਕਾਰ ਨੇ ਉਸ ਦੀ ਇਮਾਰਤ ਢੁਆ ਕੇ, ਉਸ ਦੇ ਖੂਹ ਨੂੰ ਪੂਰਵਾ ਕੇ, ਉਸ ਨਾਲ ਸਬੰਧਿਤ ਜ਼ਿਮੀਂ ਨੂੰ ਪੱਧਰਾ ਕਰਵਾ ਕੇ ਅਤੇ ਉਸ ਦੇ ਕਈ ਪਲਾਟ ਬਣਵਾ ਕੇ, ਉਨ੍ਹਾਂ ਨੂੰ ਨੀਲਾਮੀ ਰਾਹੀਂ ਵੇਚ-ਵਟਾ ਦਿੱਤਾ ਸੀ। ਐਨ ਉਸੇ ਥਾਂ ਅੱਜ ਕਈ ਨਵੀਨ ਬੰਗਲੇ ਉਸਰੇ ਹੋਏ ਹਨ ਅਤੇ ਉਸ ਨਾਲ ਸਬੰਧਿਤ ਇਲਾਕਾ, ਪਾਨ ਮੰਡੀ, ਢਾਕਾ ਦੀ ਸਭ ਤੋਂ ਵਧੀਆ ਆਬਾਦੀ ਦੱਸਿਆ-ਮੰਨਿਆ ਜਾ ਰਿਹਾ ਹੈ। ਜਿਥੋਂ ਤੱਕ 'ਗੁਰਦੁਆਰਾ ਨਾਨਕ ਸ਼ਾਹੀ' ਦਾ ਸਬੰਧ ਹੈ, ਉਹ ਆਪਣੇ ਅਸਲ ਸਥਾਨ 'ਤੇ, ਢਾਕਾ ਯੂਨੀਵਰਸਿਟੀ ਲਾਗੇ, ਸ਼ਹਿਰ ਦੇ ਐਨ ਕੇਂਦਰ ਵਿਚ, ਸਥਿਤ ਹੈ। ਪਰ ਇਸ ਨਾਲ ਲਗੀ ਹੋਈ ਲੱਖਾਂ-ਕਰੋੜਾਂ ਰੁਪਿਆਂ ਦੀ ਜ਼ਮੀਨ ਹੜੱਪ ਲਈ ਗਈ ਦੱਸੀ ਜਾਂਦੀ ਹੈ। ਇਸ ਨੂੰ, ਅਜੋਕੇ ਹੀ, ਇੰਡੀਅਨ ਹਾਈ ਕਮਿਸ਼ਨ ਦੀ ਉਦਾਰ ਸਹਾਇਤਾ ਅਤੇ ਕਲਕੱਤਾ, ਟੋਕੀਓ ਤੇ ਸਿੰਘਾਪੁਰ ਦੇ ਸਿੱਖਾਂ ਦੀ ਸ਼ਰਧਾ ਤੇ ਦਾਨ ਦੁਆਰਾ ਮੁਰੰਮਤਿਆ ਤੇ ਸੰਵਾਰਿਆ ਗਿਆ ਹੈ।

ਦੂਜਾ ਮੌਜੂਦ ਇਤਿਹਾਸਕ ਸਥਾਨ, 'ਗੁਰਦੁਆਰਾ ਸੰਗਤ ਟੋਲਾ' ਹੈ ਜੋ ਕਿ ਬੰਗਲਾ ਬਾਜ਼ਾਰ ਵਿਚ ਵਾਕਿਆ ਹੈ। ਗੁਰੂ ਤੇਗ਼ ਬਹਾਦਰ ਜੀ ਆਸਾਮ ਵੱਲ ਜਾਣ ਤੋਂ ਪਹਿਲਾ ਇਥੇ ਹੀ ਟਿਕੇ ਰਹੇ ਸਨ ਅਤੇ ਇਥੇ ਹੀ ਰਹਿੰਦਿਆਂ ਉਨ੍ਹਾਂ ਨੇ ਪੂਰਬੀ ਬੰਗਾਲ ਦੇ ਕਈ ਹੋਰ ਨਗਰਾਂ ਵਿਚ 'ਸਿੱਖ ਸੰਗਤਾਂ' ਕਾਇਮ ਕੀਤੀਆਂ ਸਨ। ਇਸ ਗੁਰਦੁਆਰੇ ਦੀ ਇਮਾਰਤ ਬੜੀ ਹੀ ਖ਼ਸਤਾ ਹਾਲਤ ਵਿਚ ਹੈ ਅਤੇ ਮੁਰੰਮਤੀ ਤੇ ਸਾਂਭ-ਸੰਭਾਲ ਦੀ ਉਡੀਕ ਕਰ ਰਹੀ ਹੈ। ਇਸ ਨਾਲ ਸਬੰਧਿਤ ਲੱਖਾਂ-ਕਰੋੜਾਂ ਦੀ ਜਾਇਦਾਦ ਨਾਜਾਇਜ਼ ਕਬਜ਼ੇ ਨਾਲ ਜਕੜੀ ਹੋਈ ਹੈ।

ਇਨ੍ਹਾਂ ਗੁਰ-ਅਸਥਾਨਾਂ ਨੂੰ ਪਾਠ-ਪੂਜਾ ਲਈ ਵਰਤਣ, ਸਨਮਾਨਣ ਤੇ ਸੰਭਾਲਣ ਵਾਲੇ ਉਦਾਸੀ ਮਹੰਤਾਂ ਤੇ ਗੁਰਸਿੱਖ ਵਸਨੀਕਾਂ ਨੂੰ ਸੰਨ ਸੰਤਾਲੀ ਵਿਚ, ਪਾਕਿਸਤਾਨ ਦੀ ਸਥਾਪਨਾ ਦੇ ਨਾਲ ਹੀ, ਇਥੋਂ ਕੂਚ ਕਰਨਾ ਪੈ ਗਿਆ ਸੀ। ਪਿਛੇ ਤਾਂ ਸੇਵਾ-ਸੰਭਾਲ ਲਈ ਕੇਵਲ ਇਕ ਸੂਰਬੀਰ ਸਿੱਖ, 'ਨਾਨਕ ਸ਼ਾਹੀ ਗੁਰਦੁਆਰੇ' ਦੇ ਅਖ਼ੀਰਲੇ ਗ੍ਰੰਥੀ, ਭਾਈ ਸਵਰਨ ਸਿੰਘ, ਹੀ ਰਹਿ ਗਏ ਸਨ। ਉਨ੍ਹਾਂ ਨੂੰ ਵੀ, ਉਨ੍ਹਾਂ ਦੇ ਇਕ ਸ਼ਰਧਾਲੂ ਮੁਸਲਮਾਨ ਸਾਥੀ, ਮੁਹੰਮਦੁਲ ਮਲਿਕ ਹੱਕ, ਸਮੇਤ ਸੰਨ 1971 ਵਿਚ ਪਾਕਿਸਤਾਨ ਦੇ ਫ਼ੌਜੀ ਛਾਪੇ ਦੌਰਾਨ,

ਪਾਕਿਸਤਾਨੀ ਰਜ਼ਾਕਾਰਾਂ ਨੇ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾ ਕੇ, ਮਾਰ ਮੁਕਾ ਦਿੱਤਾ ਸੀ। ਗੁਰਦੁਆਰੇ ਦੀ ਇਮਾਰਤ ਵੀ ਜਨਰਲ ਜਗਜੀਤ ਸਿੰਘ ਅਰੋੜਾ ਦੀ ਕਮਾਨ ਹੇਠ ਜੂਝ ਰਹੇ ਸਿੱਖ ਫ਼ੌਜੀਆਂ ਨੇ ਵੇਲੇ ਸਿਰ ਪਹੁੰਚ ਕੇ ਮਸਾਂ ਬਚਾ ਲਈ ਸੀ।

ਇਸ ਵੇਲੇ ਬੰਗਲਾ ਦੇਸ਼ ਵਿਚ ਕੋਈ ਇਕ ਵੀ ਸਿੱਖ ਸ਼ਹਿਰੀ ਮੌਜੂਦ ਨਹੀਂ ਜੋ ਇਨ੍ਹਾਂ ਪਾਵਨ ਤੇ ਇਤਿਹਾਸਕ ਅਸਥਾਨਾਂ ਦੀ ਸੇਵਾ ਤੇ ਸੰਭਾਲ ਕਰ ਸਕੇ। 'ਗੁਰਦੁਆਰਾ ਨਾਨਕ ਸ਼ਾਹੀ' ਦੀ ਸੇਵਾ-ਸੰਭਾਲ ਕਲਕੱਤੇ ਦੀ ਸੰਗਤ ਵਲੋਂ ਵੀਜ਼ੇ ਉਤੇ ਭੇਜੇ ਹੋਏ ਇਕ ਗ੍ਰੰਥੀ ਸਿੰਘ, ਭਾਈ ਪਿਆਰਾ ਸਿੰਘ ਜੀ, ਹੀ ਕਰ ਰਹੇ ਹਨ ਜਿਨ੍ਹਾਂ ਦੀ ਸਹਾਇਤਾ ਸ੍ਰੀ ਸੁਰੇਸ਼ ਕੁਮਾਰ ਵਰਗੇ ਉਥੋਂ ਦੇ ਕੁਝ ਸ਼ਰਧਾਲੂ ਹਿੰਦੂ ਵੀਰ ਅਤੇ ਭਾਰਤੀ ਹਾਈ ਕਮਿਸ਼ਨ ਦੇ ਕੁਝ ਸਿਦਕੀ ਕਰਮਚਾਰੀ ਕਰ ਰਹੇ ਹਨ। ਜਿਥੋਂ ਤਕ ਪਾਵਨ ਪੁਰਾਤਨ ਵਸਤਾਂ ਦਾ ਸਬੰਧ ਹੈ, ਗੁਰੂ ਗ੍ਰੰਥ ਸਾਹਿਬ ਦੀਆਂ ਉਨ੍ਹਾਂ ਪੰਜ ਪਰਾਚੀਨ ਤੇ ਮਿਤਿਤ ਹੱਥ-ਲਿਖਤੀ ਬੀੜਾਂ ਜਿਨ੍ਹਾਂ ਦਾ ਜ਼ਿਕਰ ਸਰਦਾਰ ਜੀ. ਬੀ. ਸਿੰਘ ਜੀ ਨੇ ਸੰਨ 1945 ਵਿਚ ('ਪ੍ਰਾਚੀਨ ਬੀੜਾਂ' ਵਿਚ) ਅਤੇ ਕੈਪਟਨ ਭਾਗ ਸਿੰਘ ਜੀ ਨੇ ਸੰਨ 1971 ਵਿਚ ('ਸਿੱਖ ਰੀਵੀਊ' ਵਿਚ) ਕੀਤਾ ਸੀ, ਵਿਚੋਂ ਕੇਵਲ ਇਕ ਰਹਿ ਗਈ ਹੈ। ਇਹ ਬੀੜ ਵੀ ਬੜੀ ਹੀ ਖ਼ਸਤਾ ਹਾਲਤ ਵਿਚ ਹੈ ਅਤੇ ਸਲ੍ਹਾਬੀ ਹੋਈ ਵੀ ਹੋਣ ਕਰਕੇ ਇਸ ਦਾ ਉਹ ਪਤਰਾ ਮਿਟਿਆ ਹੋਇਆ ਹੈ ਜਿਸ ਉਤੇ ਇਸ ਦੀ ਲਿਖਣ-ਤਰੀਕ ਅੰਕਿਤ ਹੋਣ ਦੀ ਆਸ ਕੀਤੀ ਜਾ ਸਕਦੀ ਸੀ।

ਕੇਵਲ ਇਕ ਹੋਰ ਯਾਦਗਾਰੀ ਨਿਸ਼ਾਨੀ ਲਕੜ ਦੀ ਇਕ ਚੌਂਕੀ ਉਤੇ ਰਖੀਆਂ ਹੋਈਆਂ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਦੋ ਖੜਾਵਾਂ ਹਨ ਜੋ ਉਨ੍ਹਾਂ ਨੇ ਆਸਾਮ ਲਈ ਰਵਾਨਾ ਹੋਣ ਲਗਿਆਂ, ਆਪਣੇ ਅਨਿੰਨ ਸੇਵਕ, ਭਾਈ ਬਲਾਕੀ ਰਾਮ ਜੀ, ਨੂੰ ਬਖਸ਼ੀਆਂ ਸਨ। ਇਨ੍ਹਾਂ ਦਾ ਵੀ ਇਕ ਅੰਗੂਠਾ ਅਲੋਪ ਹੋ ਚੁਕਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਉਹ ਅਸਲ ਚਿੱਤਰ ਵੀ ਉਥੋਂ ਅਲੋਪ ਹੋ ਚੁਕਾ ਹੈ ਜੋ ਬੰਗਾਲ ਦੇ ਉਦੋਕੇ ਸੂਬੇਦਾਰ, ਸ਼ਾਇਸਤਾ ਖ਼ਾਨ, ਦੇ ਇਕ ਦਰਬਾਰੀ ਚਿੱਤਰਕਾਰ ਨੇ ਬਣਾਇਆ ਸੀ। ਉਸ ਦੀ ਕੇਵਲ ਇਕ ਸੁੰਦਰ ਬਹੁਰੰਗੀ ਨਕਲ ਹੀ ਉਪਰੋਕਤ ਪਾਵਨ ਵਸਤਾਂ ਨਾਲ ਉਕਤ 'ਗੁਰਦੁਆਰਾ ਨਾਨਕਸ਼ਾਹੀ' ਵਿਚ ਬਰਾਜਮਾਨ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਢਾਕਾ ਸੰਗਤ ਨੂੰ ਸੰਬੋਧਿਤ ਜਿਹੜੇ ਦੋ 'ਹੁਕਮਨਾਮੇ' 16 ਦਸੰਬਰ 1971 ਨੂੰ ਪਾਕਿਸਤਾਨੀ ਫ਼ੌਜ ਦੇ ਆਤਮ-ਸਮਰਪਨ ਉਪਰੰਤ 'ਗੁਰਦੁਆਰਾ ਸੰਗਤ ਟੋਲਾ' ਵਿਚੋਂ ਲਭੇ ਸਨ, ਉਹ ਵੀ ਉਥੇ ਜਾਂ 'ਗੁਰਦੁਆਰਾ ਨਾਨਕਸ਼ਾਹੀ' ਵਿਚ ਹੁਣ ਮੌਜੂਦ ਨਹੀਂ।

ਇਸ ਲਈ ਜੋ ਕੁਝ ਹੁਣ ਉਥੇ ਮੌਜੂਦ ਹੈ, ਉਸ ਨੂੰ ਸੁਰੱਖਿਅਣ ਤੇ ਸੰਭਾਲਣ ਲਈ; ਜੋ ਕੁਝ ਹੜੱਪਿਆ ਗਿਆ ਹੈ ਜਾਂ ਹੁਣ ਤਕ ਨਾਜਾਇਜ਼ ਕਬਜ਼ੇ ਦੀ ਜਕੜ ਵਿਚ ਹੈ, ਉਸ ਨੂੰ ਮੁੜ ਪਰਾਪਤ ਕਰਨ ਲਈ; ਅਤੇ ਜੋ ਕੁਝ ਢਾਹਿਆ-ਮਿਟਾਇਆ ਗਿਆ ਹੈ, ਉਸ ਨੂੰ ਮੁੜ ਉਸਾਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਭਾਰਤੀ ਹਾਈ ਕਮਿਸ਼ਨ ਦੀ ਹਾਰਦਿਕ ਸਲਾਹ ਤੇ ਯੋਗ ਅਗਵਾਈ ਦੁਆਰਾ, ਬੰਗਲਾਦੇਸ਼ ਦੀ ਸਰਕਾਰ ਦੀ ਮਿਹਰਬਾਨ ਆਗਿਆ ਤੇ ਉਦਾਰ ਸਹਾਇਤਾ ਨਾਲ; ਪੱਛਮੀ ਬੰਗਾਲ ਅਤੇ ਗੁਆਂਢੀ ਦੇਸ਼ਾਂ (ਸਿੰਘਾਪੁਰ, ਮਲੇਸ਼ੀਆ, ਜਾਪਾਨ ਅਤੇ ਥਾਈਲੈਂਡ ਆਦਿ) ਦੀਆਂ ਸਿੱਖ ਸੰਸਥਾਵਾਂ ਅਤੇ ਇੰਗਲੈਂਡ ਤੇ ਅਮਰੀਕਾ ਦੇ ਪਰਵਾਸੀ ਗੁਰਸਿੱਖਾਂ ਦੀ ਭਰਵੀਂ ਮਿਲਣ ਵਰਤਣ ਸਹਿਤ, ਛੇਤੀ ਤੋਂ ਛੇਤੀ ਲੋੜੀਂਦਾ ਉਦੱਮ ਆਰੰਭ ਦੇਣਾ ਚਾਹੀਦਾ ਹੈ। ਅਜਿਹੇ ਉਦੱਮ ਦੀ ਜਿਸ ਸੂਚੀ ਵਿਚ ਉਸ ਨੇ ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਕਾਰਵਾਈ ਸ਼ਾਮਲ ਕੀਤੀ ਹੋਈ ਹੈ, ਉਸ ਵਿਚ ਉਹ ਬੰਗਲਾਦੇਸ਼ ਦੇ ਢਾਕੇ ਵਿਚ ਕਾਇਮ ਉਪਰੋਕਤ ਗੁਰਦੁਆਰਿਆਂ ਅਤੇ ਉਨ੍ਹਾਂ ਤੋਂ ਇਲਾਵਾ ਹੋਰ ਬੰਗਲਾਦੇਸ਼ੀ ਨਗਰਾਂ ਦੇ ਇਤਿਹਾਸਕ ਗੁਰਧਾਮਾਂ ਆਦਿ ਦੀ ਸੇਵਾ-ਸੰਭਾਲ ਲਈ ਲੋੜੀਂਦੀ ਕਾਰਵਾਈ ਵੀ ਸ਼ਾਮਲ ਕਰ ਕੇ, ਸਮੂਹ ਖ਼ਾਲਸਾ ਪੰਥ ਨੂੰ ਹੋਰ ਰਿਣੀ ਬਣਾਉਣ ਦਾ ਸੁਭਾਗ ਪਰਾਪਤ ਕਰੇ।

ਇਸ ਵਕਤ ਉਨ੍ਹਾਂ ਦੀ ਵਕਤੀ ਜਹੀ ਪਰ ਅਤੀ ਜ਼ਰੂਰੀ ਤੇ ਲਾਭਦਾਇਕ ਸੇਵਾ ਕਲਕੱਤੇ ਵਿਚ ਸਥਿਤ 'ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ' ਨੇ ਆਪਣੇ ਜ਼ਿੰਮੇ ਲਈ ਹੋਈ ਹੈ। ਉਨ੍ਹਾਂ ਦੇ ਉੱਦਮ ਸਦਕੇ, 'ਗੁਰਦੁਆਰਾ ਨਾਨਕ ਸ਼ਾਹੀ' ਵਿਖੇ ਹੁਣ ਸ਼ੁਕਰਵਾਰ ਸਪਤਾਹਕ ਦੀਵਾਨ ਸਜਦਾ ਹੈ। ਜਿਸ ਵਿਚ ਭਾਰਤੀ ਹਾਈ ਕਮਿਸ਼ਨ ਦੇ ਕੁਝ ਸਿਦਕੀ ਕਰਮਚਾਰੀ, ਗੁਆਂਢੀ ਦੇਸ਼ਾਂ ਤੋਂ ਆਏ ਕੁਝ ਸਿਖ ਯਾਤਰੀ ਅਤੇ ਢਾਕੇ ਦੇ ਕੁਝ ਸ਼ਰਧਾਲੂ ਹਿੰਦੂ ਵੀਰ ਸ਼ਾਮਲ ਹੁੰਦੇ ਹਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਲੰਗਰ ਵਰਤਦਾ ਹੈ। ਪਿਛਲੇ ਮਹੀਨੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸਵ ਵੀ ਪਹਿਲੀ ਵਾਰ ਅਜਿਹੇ ਸਿਦਕ ਤੇ ਸ਼ਰਧਾ ਨਾਲ ਮਨਾਇਆ ਗਿਆ ਸੀ। ਉਪਰੋਕਤ ਬੋਰਡ ਦੇ ਪ੍ਰਬੰਧਕ ਇਹ ਸੇਵਾ ਤੇ ਸੰਭਾਲ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਛੇਤੀ ਤੋਂ ਛੇਤੀ ਸੌਂਪ ਕੇ ਸੁਰਖਰੂ ਹੋਣਾ ਚਾਹੁੰਦੇ ਹਨ ਤਾਂ ਜੋ ਪੰਥ ਦੀ ਇਹ ਪਰਮੁਖ ਤੇ ਮਹਾਨ ਸੰਸਥਾ ਬੰਗਲਾਦੇਸ਼ ਦੇ ਇਨ੍ਹਾਂ ਤੇ ਅਜਿਹੇ ਹੋਰ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਵੀ ਸਥਾਈ ਅਤੇ ਪੱਕਾ-ਪੀਡਾ ਪ੍ਰਬੰਧ ਕਰ ਕੇ, ਗੁਰੂ ਘਰ ਦੀਆਂ ਹੋਰ ਖ਼ੁਸ਼ੀਆਂ ਤੇ ਬਰਕਤਾਂ ਸਾਰੇ ਪੰਥ ਨਾਲ ਸਾਂਝੀਆਂ ਕਰ ਸਕੇ।

# ਪੈਂਡੇ ਤੇ ਪਾਂਧੀ

ਮਨਮੋਹਨ ਸਿੰਘ ਦਾਊਂ
280, ਫੇਜ਼ 6, ਐਸ ਏ ਐਸ ਨਗਰ
ਮੁਹਾਲੀ, ਜ਼ਿਲ੍ਹਾ ਰੋਪੜ

ਕਿੱਥੇ ਤੂੰ ਲੈ ਆਇਆ ਮੈਨੂੰ
ਸਿਰ 'ਤੇ ਨੀਲਾ ਅੰਬਰ ਨੰਗਾ
ਪੈਰਾਂ ਹੇਠ ਪ੍ਰਦੇਸ ਓਪਰਾ
ਤੁਰਿਆਂ ਕਿੰਨਾ ਚਿਰ ਹੈ ਹੋਇਆ,
ਰੁੱਖ-ਬੂਟੇ ਤੇ ਜੀਵ ਨਿਆਰੇ
ਤਿੱਥ-ਤਿਉਹਾਰ ਵਿਸਰ ਗਏ ਸਾਰੇ।
ਇਹ ਕਿਹੜੀ ਧਰਤੀ 'ਤੇ
ਆਏ
ਕਿਹੜੇ ਲੋਕ ਸਦੀਂਦੇ ਏਹੀਂ
ਨਾ ਬੋਲੀ ਦੀ ਸਮਝ ਹੈ ਆਉਂਦੀ।
ਕੀ ਪਿਆ ਸੀ ਏਥੇ ਆਪਣਾ
ਜੋ ਲਭਣ ਲਈ ਘਰੋਂ ਤੁਰੇ ਹਾਂ।
ਤਪਦੇ ਹੜ੍ਹਦੇ ਪੈਂਡੇ ਕੋਹੇ
ਘਰ-ਦਰ ਪਿੱਛੇ ਛੱਡ ਆਏ ਹਾਂ
ਘਰ ਵਾਪਸੀ ਕਦੋਂ ਹੋਏਗੀ?
ਕੌਣ ਅਸਾਡਾ ਇੱਥੇ ਗੁੰਮਿਆ?
ਕਿਸ ਨੂੰ ਹਾਕ ਮਾਰਨੀਂ ਚਾਹੇਂ?
ਨ੍ਹੇਰੇ ਵਾਲੀਆਂ ਰਾਤਾਂ ਝੱਖੀਆਂ
ਪਿੰਡੇ ਇਕਲਾਪੇ ਦੀ ਚਿੱਪਰ ਚੁੱਕੀ
ਨੰਗਮ-ਨੰਗੀ ਦੇਹੀ ਦੇ ਸੰਗ
ਜਲ-ਥਲ-ਡੂਗਰ ਗੱਛ ਆਏ ਹਾਂ।

..............................................

"ਸਰਬਕਾਲੀ ਚਾਨਣ ਦਾ ਕੱਜਣ
ਸ਼ਬਦ-ਰਾਗ ਦੀ ਤ੍ਰਿਪਤ-ਅਗੰਮੀ
ਕਾਇਆ ਦਾ ਸਚਿਆਰਾ ਪਿੰਡਾ
ਨਾ ਮੈਲਾ, ਨਾ ਥੱਕਦਾ ਕਾਈ
ਸੁਣ ਲੈ ਭਲਿਆ------
ਐ ਮੇਰੇ ਸਾਥੀ ਮਰਦਾਨੇ।"
ਕੀ ਬੁੜ੍ਹਿਆ ਸੀ?
ਕੀ ਲੱਭਣਾ ਸੀ?
ਪਿੱਛੇ ਦਾ ਹੇਰਵਾ ਦਿਲ ਵਿੱਚ
ਬੜਾ ਬੇਚੈਨ ਕਰਦਾ ਹੈ, ਬਾਬਾ
ਸੱਚ ਕਹਿਣ ਤੋਂ ਹੱਟ ਨਹੀਂ ਹੁੰਦਾ
ਆਖਰ ਮਰਦ ਹਾਂ
ਤੇਰਾ ਮਰਦਾਨਾ।

..............................................

"ਨ੍ਹੇਰੀ ਥਾਂ ਨੂੰ ਰੌਸ਼ਨ ਕਰਨਾ
ਕੰਮ ਸਾਰੰਗ ਦਾ,
ਕੂੜ-ਕੁਸੱਤ ਨੂੰ ਵਰਜਣ ਖਾਤਰ
ਸੱਚ ਦਾ ਹੋਕਾ ਦੇਣਾ ਪੈਂਦਾ,
ਐਰ-ਗ਼ੈਰ ਨਾ ਦਿੱਸੇ ਕੋਈ
ਸਭ ਜੀਅ 'ਓਸੇ' ਦੇ ਵਰੋਸਾਏ
ਸਭ ਜੱਗ ਧਰਤ ਪਰਾਈ ਆਪਣੀ।"

..............................................

ਧੰਨ ਤੂੰ, ਧੰਨ ਤੇਰੀ ਸ਼ੋਭਾ
ਖੰਡ-ਬ੍ਰਹਿਮੰਡ ਡਿੱਠੇ ਸਭ ਅੱਖੀਂ
ਸ਼ਬਦ ਤੇਰੇ ਦੀ ਮਹਿਮਾ ਅੱਗੇ
ਮੋਢੇ ਮੇਰੇ ਰਬਾਬ ਅਦੁੱਤੀ
ਤੇਰੀ ਬਾਣੀ ਗਾਉਂਦੀ ਫਿਰਦੀ,
ਅਗਲੀ ਗੱਲ ਸੁਣਾ ਤੂੰ, ਬਾਬਾ!!

ਜਿਸ ਅੰਦਰਿ ਰੰਗੁ ਸੋਈ ਗੁਣ ਗਾਵੈ। ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ॥

ਸੇਵਕਸ' ਚੈਰੀਟੇਬਲ ਟਰਸਟ (ਰਜਿ.)

**Sewaks' Charitable Trust (Regd.)**

HELP NEEDY

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

IN THE SERVICE OF HUMANITY

# ਇਕ ਮਾਂ

*ਇਕ ਚਿੱਠੀ ਜੋ ਸਾਨੂੰ ਬੀਬੀ ਵਰਿੰਦਰ ਨਰਜੀਤ ਸਿੰਘ (580, ਸੈਕਟਰ 10, ਚੰਡੀਗੜ੍ਹ) ਰਾਹੀਂ ਪ੍ਰਾਪਤ ਹੋਈ। ਉਸ ਵਿਚ ਵਿੰਗ ਕਮਾਂਡਰ ਸ. ਸ. ਆਹਲੂਵਾਲੀਆ (107, Jal Vayoo Vihar, Kamanhali, Banglore-84) ਨੇ ਆਪਣੀ ਮਾਤਾ ਜਸਵੰਤ ਕੌਰ ਸੁਪਤਨੀ ਵਿੰਗ ਕਮਾਂਡਰ ਅਜੀਤ ਸਿੰਘ ਜੀ ਦਾ ਭਾਵਪੂਰਤ ਹਾਲ ਲਿਖਿਆ ਅਤੇ ਨਾਲ ਹੀ ਮਾਤਾ ਜੀ ਦੀ ਰਚੀ ਇਕ ਕਵਿਤਾ ਭੇਜੀ। ਇਹ ਦੋਵੇਂ ਰਚਨਾਵਾਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ।*

*ਸੰਪਾਦਕ*

Biji was our pillar of strength. Her blessings and mere presence gave us "BARKAT" of prosperity. It was all due to her. Now in Dec 2000 she left us for her heavenly abode and we are plunged into the depths of sorrow, misery and never ceasing pain. We talk about her, go to her room and cry. We get up in the middle of the night and cry. We loved her ever so much that it will take a lot of time before this pain deminishes. She also used to talk about you so much. She loved Bibaji right from Jorhat days.

Five years ago she got a paralytic stroke and she partially recovered from it. Her face her talking and all other limbs were OK but her left leg was paralysed only. But partially. She could walk with a stick with a limp but with a nurse always. Till the last day she was walking about in the whole house.

5 Years ago her bedroom was specially done up. We employed a permanent fully trained nurse from "KOTAYAM" where they train nurses for such jobs. Educated also. She was with Biji in her room 24 hrs. She looked after her medication her exercise, her food and her full activities bathroom etc. Her speech & diet was normal like us.

In her room we fitted a big colour T.V, a seperate music system and a phone parallal to ours. She had a big stock of cassettes of KEERTANS & Holy pictures etc.

That was the only point which soothes the tortured heart that we kept her very very comfortable till her last days.

On the faitfull days she was watching the punjabi Channel at 6-30 P.M where they show Amritsar Gurdwara and Keertans and finally "ARDAS". She watched this daily in the early morning at 5-45 and evening again at 5-30.

The "PATH" and keertan finished and the ARDAAS started. She sat up straight, and there as soon as the "ARDAAS" finished she lay back in her bed and heaved a "SIGH". THATS ALL. SHE WAS GONE. THE NURSE SHOUTED. WE SAW IN HORROW. I CALLED OUR OPPOSITE DOOR NEIGHBOUR DOCTOR. HE EXAMINED TRIED RESURVCTION ETC BUT SHE WAS GONE. EVER SO PEACEFULLY WITHOUT AN IOTA OF PAIN SHE JUST PASSED AWAY. GOD BLESS HER SOUL!! We pray for her.

So that was the most heart-breaking sorrowfull moment of our lives.

# ਸ੍ਰੀ ਅੰਮ੍ਰਿਤਸਰ ਦਰਸ਼ਨ

ਨੀ ਅੰਮ੍ਰਿਤ ਸਰ ਦੀਏ ਨਗਰੀਏ
ਤੈਨੂੰ ਕਿਉਂ ਨਾ ਪੂਜਣ ਲੋਗ।
ਤੂੰ ਧਰਤੀ ਉਤੇ ਸਵਰਗ ਹੈਂ,
ਤੇਰਾ ਕਣ ਕਣ ਪੂਜਣ ਜੋਗ।
ਨੀ ਤੈਨੂੰ ਰਾਮਦਾਸ ਨੇ ਪਾਲਿਆ
ਬੜਿਆਂ ਚਾਵਾਂ ਨਾਲ।
ਤੇਰੀਆਂ ਗਲੀਆਂ ਦੇ ਵਿਚ ਖੇਲਿਆ,
ਮਾਤ ਗੰਗਾ ਦਾ ਲਾਲ।
ਉਸ ਸਚ ਦਾ ਨਾਹਰਾ ਮਾਰਿਆ,
ਉਚੇ ਹੋ ਗਏ ਭਾਗ।
ਰਾਮ ਸਰ ਵਿਚ ਬੈਠਕੇ,
ਕੀਤੀ ਬੀੜ ਤਿਆਰ।
ਤੇਰੇ ਕਣ ਕਣ ਵਿਚ ਇਤਹਾਸ ਹੈ,
ਤੇਰੀ ਬੂੰਦ ਬੂੰਦ ਵਿਚ ਯਾਦ।
ਨੀ ਬੇਟਾ ਪੁਰਖ ਅਕਾਲ ਦਾ,
ਤੈਨੂੰ ਕਰ ਗਿਆ ਸੁਆਦੋ ਸੁਆਦ।
ਉਸ ਸਚ ਦਾ ਦੀਵਾ ਬਾਲਿਆ,
ਉਚੀ ਟੀਸੀ ਆਣ।
ਜਿਹਦੇ ਜਗਦਿਆਂ ਕਾਲੋਂ ਭਜ ਗਈ,
ਹਰ ਖੁੰਜ ਲਗੀ ਰੁਸ਼ਨਾਨ।
ਇਥੇ ਰਹਿਮਤ ਦਾ ਮੀਹ ਵਸਿਆ,
ਛੁਪ ਗਏ ਸੋਗਮ ਸੋਗ।
ਨੀ ਅਮ੍ਰਤਸਰ ਦੀ ਨਗਰੀਏ
ਤੈਨੂੰ ਕਿਉਂ ਨਾ ਪੂਜਨ ਲੋਗ।
ਨੀ ਮੀਆਂ ਮੀਰ ਨੇ ਆਣ ਕੇ ਨੀਂਹ ਰਖੀ ਸੀ ਆਪ।
ਗੁਰੂ ਅਰਜਨ ਨੇ ਆਣ ਕੇ
ਗੁਰੂ ਗ੍ਰੰਥ ਕੀਤਾ ਪ੍ਰਕਾਸ਼।
ਵਿਚ ਹਰਮੰਦਰ ਸਾਜਕੇ
ਸਰੋਵਰ ਹੋਇਆ ਤਿਆਰ।
ਉਥੇ ਪਿੰਗਲੇ ਰਾਜੀ ਹੋ ਜਾਣ
ਦੁਖ ਭੰਜਨੀ ਕਰ ਅਸ਼ਨਾਨ।
ਸੌ ਸਦੀਆਂ ਦੇ ਰੋਗੀਆਂ, ਵਿਚ ਪੈ ਜਾਂਦੀ ਜਾਨ।
ਇਕ ਵਾਰੀ ਜਿਥੋਂ ਲੰਘਿਆ, ਉਹ ਸੋਹਣਿਆਂ ਦਾ
ਸੁਲਤਾਨ।
ਉਹਦੇ ਨੈਣ ਨਸ਼ੀਲੇ ਪਿਆਲੜੇ ਨੀ ਛਲ ਛਲ ਕਰਦੇ
ਜਾਮ।
ਨੀ ਹਰਿ ਕੀ ਪਉੜੀ ਦਾ ਪੀ ਅੰਮ੍ਰਿਤ
ਆ ਜਾਂਦੀ ਮਨ ਨੂੰ ਚੈਨ।
ਨੀ ਅੰਮ੍ਰਿਤਸਰ ਦੀਏ ਨਗਰੀਏ,
ਮੈ ਕਿਉਂ ਨਾ ਕਰਾਂ ਤੇਰੇ ਦਿਦਾਰ।
ਮਨ ਮੇਰਾ ਸੀ ਭਟਕਦਾ,
ਹੁੰਦੀ ਹਾਂ ਤੇਰੇ ਦਵਾਰ।
ਦਰਸ਼ਨ ਤੇਰੇ ਕਰਕੇ ਲੱਥਾ ਸਿਰ ਤੋਂ ਭਾਰ।
ਮੇਰੇ ਲੂੰ ਲੂੰ ਦੇ ਵਿਚ ਨਿਕਲੀ ਇਕ ਖੁਸ਼ੀ ਦੀ ਝਰਨਾਟ।
ਅਕਾਲ ਤਖਤ ਹਰਗੋਬਿੰਦ ਜੀ ਦੇ ਬੈਠੀ ਚਰਨਾਂ ਵਿਚ।
ਭੁਲਾਂ ਮੇਰੀਆਂ ਬਖਸ਼ ਲੌ ਦੁਖ ਨਿਵਾਰੋ ਕਿਤ।
ਸੰਗਤਾਂ ਨੂੰ ਜਾਂਦਿਆਂ ਵੇਖਕੇ,
ਤੁਰ ਪਈ ਉਨ੍ਹਾ ਨਾਲ।
ਐਤਵਾਰ ਦਾ ਦਿਨ ਸੀ ਚੌਪੈਰੇ ਲਈ ਸਭ ਤਿਆਰ।
ਦੀਪ ਸਿੰਘ ਸ਼ਹੀਦ ਦੇ ਪਹੁੰਚੀਆਂ ਸੰਗਤਾਂ ਆਨ।
ਬੈਠ ਸੁਖਮਨੀ ਸਾਹਿਬ ਦਾ ਪਾਠ ਕਰਨ,
ਧੂਪਾਂ ਪਈਆਂ ਜਗਾਨ।
ਮੁਰਾਦਾਂ ਮਨ ਦੀਆਂ ਸਭ ਇਥੇ ਬੈਠ ਕੇ ਲੈਣ।
ਸਭ ਪਾਸਿਓ ਗੂੰਜਾਂ ਪਾਠ ਦੀਆਂ ਪਈਆਂ ਪੈਣ।
ਲੰਗਰ ਦੀ ਇਕ ਬੁਰਕੀ ਦੇ ਲਈ,
ਅਗੇ ਵਧ ਵਧ ਹਿਸੇ ਲੈਣ।
ਨੀ ਅੰਮ੍ਰਿਤਸਰ ਦੀਏ ਨਗਰੀਏ,
ਤੈਨੂੰ ਕਿਉਂ ਨਾ ਸਿਫਤੀ ਦਾ ਘਰ ਕਹਿਣ,
ਬਾਬੇ ਅਟਲ ਦੇ ਬੈਠਕੇ, ਮੁਠੀਆਂ ਸਾਰੇ ਭਰਨ।
ਕੌਲਸਰ ਅਸ਼ਨਾਨ ਕਰ ਮਨ ਦੇ ਜਾਣ ਗੁਮਾਨ।
ਬਿਬੇਕਸਰ ਵਿਚ ਜਾ ਕੇ,
ਜੰਡ ਹੇਠ ਕਰਣ ਅਰਾਮ।
ਨੀ ਅਮ੍ਰਤਸਰ ਦੀਏ ਨਗਰੀਏ,
ਕਿਉਂ ਦੀਪ ਦਾਸੀ ਨੂੰ ਦਿਤਾ ਵਿਸਾਰ,
ਤੇਰੀ ਯਾਦ ਦੇ ਵਿਚ ਤੜਫਦੀ,
ਛੇਤੀ ਹੁੰਦਾ ਨਹੀਂ ਦਿਦਾਰ।

# ਸੁਰ ਲਿਪੀਆਂ

## ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ

ਜਵੱਦੀ ਟਕਸਾਲ, ਲੁਧਿਆਣਾ

**ਸਿਰੀ ਰਾਗੁ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ-ਤਰਤੀਬ ਵਿਚ, ਸਿਰੀ ਰਾਗ ਨੂੰ, ਪ੍ਰਥਮ ਸਥਾਨ ਪ੍ਰਾਪਤ ਹੋਇਆ ਹੈ। ***ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰ॥*** ਏਹ ਗੁਰੂ ਅਮਰਦਾਸ ਜੀ ਮਹਾਰਾਜ ਦਾ ਫੁਰਮਾਨ ਹੈ, ਅਤੇ ਭਾਈ ਗੁਰਦਾਸ ਜੀ ਇਸ ਰਾਗ ਨੂੰ ਸਰਬੋਤਮ ਰਾਗ ਮੰਨਦਿਆਂ ਫੁਰਮਾਂਦੇ ਹਨ ***ਰਾਗਨ ਮੇ ਸਿਰੀ ਰਾਗੁ ਪਾਰਸ ਬਖਾਨ ਹੈ॥***

ਸਿਰੀ ਰਾਗ ਬੜਾ ਪੁਰਾਤਨ, ਮਧੁਰ ਅਤੇ ਕਠਿਨ ਰਾਗ ਹੈ। ਸ੍ਰੀ ਰਾਗ ਨੂੰ ਮੁੜ ਸੁਰਜੀਤੀ ਦਾ ਰਾਗ ਮੰਨਿਆ ਗਿਆ ਹੈ।

**ਅਰੋਹ** : ਸ ਰੁ਼ੇ, ਮੇ ਪ, ਨੀ ਸਂ। **ਅਵਰੋਹ** : ਸਂ ਨੀ ਧੁ਼ ਪ, ਮੇ ਗ ਰੁ਼ੇ, ਸ।

**ਸੁਰ** : ਆਰੋਹ ਵਿਚ ਗੰਧਾਰ ਤੇ **ਧੈਵਤ** ਵਰਜਿਤ ਰਿਸ਼ਭ ਧੈਵਤ ਕੋਮਲ, ਮੇ ਤੀਬਰ, ਬਾਕੀ ਸਾਰੇ ਸ਼ੁਧ। **ਥਾਟ** : ਪੂਰਵੀ

**ਜਾਤੀ** : ਔੜਵ-ਸੰਪੂਰਨ **ਸਮਾਂ** : ਸੰਧੀ ਪ੍ਰਕਾਸ਼ ਰਾਗ (ਸ਼ਾਮ ਦਾ ਸਮਾਂ) **ਵਾਦੀ** : ਰਿਸ਼ਭ **ਸੰਵਾਦੀ** : ਪੰਚਮ

**ਮੁੱਖ ਅੰਗ** : ਸ, ਰੁ਼ੇ, ਰੁ਼ੇ, ਪ, ਪ ਮੇ ਗ ਰੁ਼ੇ, ਰੁ਼ੇ, ਰੁ਼ੇ, ਸ।

**ਸੁਰ ਵਿਸਥਾਰ** : 1. ਸ, ਸ ਰੁ਼ੇ ਰੁ਼ੇ, ਸ, ਗ ਰੁ਼ੇ ਮੇ ਗ ਰੁ਼ੇ, ਸ, ਸ ਰੁ਼ੇ ਰੁ਼ੇ ਧੁ਼, ਮੇ ਪ ਮੇ ਧੁ਼ ਮੇ ਗ ਰੁ਼ੇ, ਗ ਰੁ਼ੇ ਨ਼ੀ ਰੁ਼ੇ ਸ।

2. ਸ, ਰੁ਼ੇ ਗ ਰੁ਼ੇ, ਰੁ਼ੇ ਰੁ਼ੇ ਮੇ ਪ, ਮੇ ਪ ਨੀ ਧੁ਼ ਰੁ਼ੇਂ ਮੇਂ ਪਂ, ਮੇਂ ਗਂ ਰੁ਼ੇਂ, ਸਂ, ਰੁ਼ੇਂ ਨੀ ਧੁ਼ ਪ, ਮੇ ਪ ਮੇ ਧੁ਼ ਪ, ਪ ਮੇ ਧੁ਼ ਮੇ ਗ ਰੁ਼ੇ, ਗ ਰੁ਼ੇ, ਨ਼ੀ ਰੁ਼ੇ ਸ।

ਝੱਪਤਾਲ

| x | | 2 | | | 0 | | 3 | | |
|---|---|---|---|---|---|---|---|---|---|
| *ਸਥਾਈ :* | | | | | | | | | |
| ਰੁ਼ੇ | ਰੁ਼ੇ | ਰੁ਼ੇ | - | ਰੁ਼ੇ | ਗ | ਰੁ਼ੇ | ਸ | - | ਸ |
| ਤੋ | ਹੀ | ਮੋ | ऽ | ਹੀ | ਮੋ | ਹੀ | ਤੋ | ऽ | ਹੀ |
| ਰੁ਼ੇ | ਰੁ਼ੇ | ਪ | - | ਪਮੇ | ਮੇਧੁ਼ | ਮੇ | ਗ | ਰੁ਼ੇ | ਸ |
| ਅੰ | ऽ | ਤ | ऽ | ਰੁऽ | ਕੈऽ | ऽ | ਸਾ | ऽ | ऽ |
| ਰੁ਼ੇ | ਰੁ਼ੇ | ਸ | ਪ | ਪ | ਪ | ਪ | ਮੇ | ਧੁ਼ | ਪ |
| ਕ | ਨ | ऽ | ਕ | ऽ | ਕ | ਟਿ | ऽ | ਕ | ऽ |
| ਪ | ਪ | ਮੇਧੁ਼ | ਮੇ | ਗਰੁ਼ੇ | ਗ | ਰੁ਼ੇ | ਸਰੁ਼ੇ | - | - |
| ਜ | ਲ | ਤऽ | ਰੰ | ऽਗ | ਜੈ | ऽ | ਸਾऽ | ऽ | ऽ |
| *ਅੰਤਰਾ :* | | | | | | | | | |
| ਮੇ | ਪ | ਪ | ਪ | ਮੇਪ | ਪ | ਨੀਨੀ | ਸਂ | - | ਸਂ |
| ਜਉ | ਪੈ | ਹ | ਮ | ਨऽ | ਪਾ | ਪਕ | ਰੰ | ऽ | ਤਾ |
| ਨੀ | - | ਸਂ | - | ਰੁ਼ੇਂ | ਨੀ | ਧੁ਼ | ਨੀ | ਧੁ਼ | ਪ |
| ਅ | ऽ | ਹੇ | ऽ | ਅ | ਨੰ | ऽ | ਤਾ | ऽ | ऽ |
| ਮੇ | ਪ | ਨੀ | - | ਸਂ | ਰੁ਼ੇਂ | - | ਸਂ | - | - |
| ਪ | ਤਿ | ਤ | ऽ | ਪਾ | ਵ | ऽ | ਨ | ऽ | ऽ |
| ਪ | ਸਂ | ਨੀ | ਧੁ਼ | ਪ | ਮੇ | ਗਰੁ਼ੇ | ਗ | ਰੁ਼ੇ | ਸ |
| ਨਾ | ਮੁ | ਕੈ | ऽ | ਸੇ | ਹੁੰ | ऽऽ | ਤਾ | ऽ | ऽ |

ਇਕ ਤਾਲ ਮਧ ਲੈਅ

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| | | 4 | | | | | | | | | |
| *ਸਥਾਈ :* | | | | | | | | | | | |
| ਰੇ | ਗ | ਰੇ | ਸ | ਸ | ਸ | ਪ | - | ਪ | ਮੇ | ਧੁ | ਪ |
| ਰੰ | ऽ | ਗਿ | ਰ | ਤਾ | ऽ | ਮੇ | ऽ | ਰਾ | ਸਾ | ਹਿ | ਬੁ |
| ਮੇ | ਮੇ | ਪ | ਪ | ਪ | ਨੀ | ਧੁ | ਨੀਨੀ | ਧੁਪ | ਮੇਧੁ | ਮੇਗ | ਰੇ |
| ਰ | ਵਿ | ਰ | ਹਿ | ਆ | ਭ | ਰ | ਪੂऽ | ऽऽ | ਰਿऽ | ऽऽ | ऽ |
| *ਅੰਤਰਾ :* | | | | | | | | | | | |
| ਪ | ਮੇ | ਮੇ | ਪ | ਨੀ | ਨੀ | ਸਂ | - | ਸਂ | ਰੇਂ | ਸਂ | - |
| ਆ | ऽ | ਪੇ | ਰ | ਸੀ | ਆ | ਆ | ऽ | ਪਿ | ਰ | ਸੁ | ऽ |
| ਸਂ | - | ਨੀ | ਸਂ | ਸਂ | ਨ॑ | ਰੇਂ | - | - | ਨੀ | ਧੁ | ਪ |
| ਆ | ऽ | ਪੇ | ਰਾ | ਵ | ਣ | ਹਾ | ऽ | ऽ | ऽ | ਰੁ | ऽ |
| ਰੇ | ਗ | ਰੇ | ਸ | ਸ | ਸ | ਪ | - | ਪ | ਮੇ | ਧੁ | ਪ |
| ਆ | ऽ | ਪੇ | ਹੋ | ऽ | ਵੈ | ਚੋ | ऽ | ਲ | ਝਾ | ऽ | ऽ |
| ਮੇ | - | ਮੇ | ਪ | ਨੀ | ਧੁ | ਨੀਨੀ | ਧੁਪ | ਮੇਧ | ਮੇਗ | ਰੇ | ਸ |
| ਆ | ऽ | ਪੇ | ਸੇ | ਜ | ਭ | ਤਾऽ | ऽऽ | ऽऽ | ऽऽ | ਰੁ | ऽ |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਸ੍ਰੀ ਰਾਗ ॥ | Sri Rag. | ਸਿਰੀ ਰਾਗ। |
|---|---|---|
| ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥ | Thou art me, I am Thou. What is the difference. | ਤੂੰ ਮੈਂ ਹਾਂ, ਮੈਂ ਤੂੰ ਹੈਂ। ਕੀ ਫ਼ਰਕ ਹੈ ? |
| ਕਨਕ ਕਟਿਕ ਜਲ ਤਰੰਗ ਜੈਸਾ ॥੧॥ | The same as between gold, and its bracelet and between water and its ripples. | ਐਹੋ ਜੇਹਾ ਜਿਹਾ ਕਿ ਸੋਨੇ ਤੇ ਇਸ ਦੇ ਕੜੇ ਵਿਚ ਅਤੇ ਪਾਣੀ ਤੇ ਇਸ ਦੀਆਂ ਲਹਿਰਾਂ ਵਿਚ। |
| ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ | If I did not commit sins, O my Infinite Lord! how shouldest thou have gained the Name of the Redeemer of sinners? | ਜੇਕਰ ਮੈਂ ਗੁਨਾਹ ਨਾਂ ਕਮਾਉਂਦਾ ਹੇ ਮੇਰੇ ਬੇਅੰਤ ਸੁਆਮੀ ! ਤਾਂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਤੇਰਾ ਨਾਮ ਕਿਸ ਤਰ੍ਹਾਂ ਪਰਾਪਤ ਹੁੰਦਾ ? |
| ਰਹਾਉ ॥ | Pause. | ਠਹਿਰਾਉ। |
| ਤੁਮ ਜੁ ਨਾਇਕ ਆਛਹੁ ਅੰਤਰਜਾਮੀ ॥ | Thou, who art my Master, art the searcher of hearts. | ਤੂੰ, ਜੋ ਮੇਰਾ ਮਾਲਕ ਹੈ, ਦਿਲਾਂ ਦੀਆਂ ਜਾਣਨਹਾਰ ਹੈਂ। |
| ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥ | From the Lord is known His servant, and from the servant his Lord. | ਸਾਹਿਬ ਤੋਂ ਉਸ ਦਾ ਨੌਕਰ ਜਾਣਿਆ ਜਾਂਦਾ ਹੈ ਅਤੇ ਨੌਕਰ ਤੋਂ ਉਸ ਦਾ ਮਾਲਿਕ। |
| ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥ | Grant me the wisdom to meditate on Thee with my body. | ਮੈਨੂੰ ਸਿਆਣਪ ਬਖ਼ਸ਼ ਤਾਂ ਜੋ ਆਪਣੀ ਦੇਹਿ ਨਾਲ ਤੇਰਾ ਸਿਮਰਨ ਕਰਾਂ। |
| ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ | Some rare person can explain to me that the Lord is uniformly contained amongst multitudes (all) O, Ravdass! | ਕੋਈ ਵਿਰਲਾ ਪੁਰਸ਼ ਹੀ ਮੈਨੂੰ ਦਰਸਾ ਸਕਦਾ ਹੈ ਕਿ ਸਾਹਿਬ ਸਮੁਦਾਵਾਂ (ਸਾਰਿਆਂ) ਅੰਦਰ ਇਕਸੁਰ ਰਮਿਆ ਹੋਇਆ ਹੈ, ਹੇ ਰਵਿਦਾਸ। |

| | | |
|---|---|---|
| ਸਿਰੀ ਰਾਗੁ ਮਹਲਾ ੧ | **Sri Rag, First Guru.** | ਸਿਰੀ ਰਾਗ, ਪਹਿਲੀ ਪਾਤਸ਼ਾਹੀ। |
| ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ | Lord Himself is the Relisher, Himself the Reilsh, and Himself the Enjoyer. | ਪ੍ਰਭੂ ਖੁਦ ਸੁਆਦ ਲੈਣ ਵਾਲਾ ਹੈ, ਖੁਦ ਹੀ ਸੁਆਦ, ਅਤੇ ਖੁਦ ਹੀ ਭੋਗਣ ਵਾਲਾ। |
| ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ | He Himself is the Vesture (bride) and Himself the Couch and Bridegroom. | ਉਹ ਆਪ ਚੋਲੀ (ਪਤਨੀ) ਹੈ ਅਤੇ ਆਪ ਹੀ ਪਲੰਘ ਤੇ ਪਤੀ। |
| ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ | My Master is dyed with love and is fully pervading every where. | ਮੇਰਾ ਮਾਲਕ ਪ੍ਰੀਤ ਨਾਲ ਰੰਗੀਜਿਆ ਹੋਇਆ ਹੈ ਅਤੇ ਹਰ ਥਾਂ ਪਰੀ-ਪੂਰਨ ਹੋ ਸਮਾ ਰਿਹਾ ਹੈ। |
| ਰਹਾਉ ॥ | Pause. | ਠਹਿਰਾਉ। |
| ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ | He Himself is the fisherman and the fish and Himself the water and the net. | ਉਹ ਆਪ ਹੀ ਮਾਹੀਗੀਰ ਤੇ ਮੱਛੀ ਹੈ ਤੇ ਆਪ ਹੀ ਜਲ ਤੇ ਫੰਧਾ। |
| ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ | He Himself is the metal ball of the net and Himself the bait within. | ਉਹ ਖੁਦ ਫੰਧੇ ਦਾ ਧਾਤ ਦਾ ਮਣਕਾ ਹੈ ਅਤੇ ਖੁਦ ਹੀ ਉਸ ਦੇ ਵਿਚਲੀ ਕੁੰਡੀ। |
| ਆਪੇ ਬਹੁ ਬਿਧਿ ਰੰਗਲਾ ਸਖੀਏ ਮੇਰਾ ਲਾਲੁ ॥ | My maid! my Beloved is in every way playful. | ਮੇਰੀ ਸਹੇਲੀਓ! ਮੇਰਾ ਪ੍ਰੀਤਮ ਹਰ ਤਰ੍ਹਾਂ ਨਾਲ ਖਿਲੰਦੜਾ ਹੈ। |
| ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ | He ever enjoys the virtuous wife. Behold my plight (away from Him.) | ਉਹ ਸਦਾ ਹੀ ਪਵਿੱਤ੍ਰ ਪਤਨੀ ਨੂੰ ਮਾਣਦਾ ਹੈ। ਮੇਰੀ ਦਸ਼ਾ (ਜੋ ਉਸ ਤੋਂ ਦੂਰ ਹਾਂ) ਵਲ ਨਿਗ੍ਹਾ ਕਰ। |
| ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ | Prays Nanak, listen to my supplication. Thou art the tank and Thou the swan. | ਨਾਨਕ ਜੋਦੜੀ ਕਰਦਾ ਹੈ, ਮੇਰੀ ਪ੍ਰਾਰਥਨਾ ਸੁਣ। ਤੂੰ ਤਲਾਬ ਹੈਂ ਤੂੰ ਹੀ ਰਾਜ-ਹੰਸ। |
| ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥ | Thou art the lotus and Thou the water-lily. Thou Thyself art pleased on beholding (them). | ਤੂੰ ਕੰਵਲ ਹੈਂ ਅਤੇ ਤੂੰ ਹੀ ਕਵੀਆ। (ਉਨ੍ਹਾਂ ਨੂੰ) ਦੇਖ ਕੇ ਤੂੰ ਆਪ ਹੀ ਖੁਸ਼ ਹੁੰਦਾ ਹੈਂ। |